ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 13 ਜੁਲਾਈ ਤੋਂ ਐਤਵਾਰ, 19 ਜੁਲਾਈ, 2026

WEEKLY ZIKAR PUNJAB
ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

ਹਫਤਾਵਾਰੀ ਅਖ਼ਬਾਰ
Ludhiana : Monday, 13 July to Sunday, 19 July 2026

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 28 | Website : www.zikarpunjab.com

## ਅਮਰੀਕਾ ਨੇ ਇਰਾਨ ਦੇ 140 ਟਿਕਾਣਿਆਂ ਨੂੰ ਬਣਾਇਆ ਨਿਸ਼ਾਨਾ

### ਤਹਿਰਾਨ ਨੇ ਯੂਏਈ-ਕਤਰ ’ਤੇ ਕੀਤੇ ਹਮਲੇ

**ਤਹਿਰਾਨ :** ਮੱਧ ਪੂਰਬ ਵਿੱਚ ਇੱਕ ਵਾਰ ਫਿਰ ਤਣਾਅ ਵਧ ਗਿਆ ਹੈ। ਐਤਵਾਰ ਸਵੇਰੇ ਅਮਰੀਕਾ ਨੇ ਇਰਾਨ ’ਤੇ ਹਮਲਿਆਂ ਦਾ ਇੱਕ ਨਵਾਂ ਦੌਰ ਸ਼ੁਰੂ ਕੀਤਾ, ਜਿਸ ਵਿੱਚ ਦੇਸ਼ ਦੇ ਅੰਦਰ 140 ਫੌਜੀ ਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ । ਅਮਰੀਕੀ ਹਮਲਿਆਂ ਦਾ ਬਦਲਾ ਲੈਣ ਲਈ ਇਰਾਨ ਨੇ ਬਹਿਰੀਨ, ਕੁਵੈਤ, ਕਤਰ ਅਤੇ ਸੰਯੁਕਤ ਅਰਬ ਅਮੀਰਾਤ ’ਤੇ ਮਿਜ਼ਾਈਲ ਹਮਲੇ ਕੀਤੇ। ਯੂਐਸ ਸੈਂਟਰਲ ਕਮਾਂਡ (ਸੈਂਟਕਾਮ) ਨੇ ਕਿਹਾ ਕਿ ਇਹ ਕਾਰਵਾਈ ਹੋਰਮੁਜ਼ ਜਲਡਮਰੂ ਵਿੱਚ ਸਾਈਪ੍ਰਸ-ਝੰਡੇ ਵਾਲੇ ਕੰਟੇਨਰ ਜਹਾਜ਼ ’ਤੇ ਹਮਲੇ ਦੇ ਜਵਾਬ ਵਿੱਚ ਸੀ। ‘ਐਕਸ’ ’ਤੇ ਪੋਸਟ ਕੀਤੇ ਗਏ ਇੱਕ ਬਿਆਨ ਵਿੱਚ ਸੈਂਟਕਾਮ ਨੇ ਨੋਟ ਕੀਤਾ ਕਿ ਅੱਜ ਸ਼ਾਮ 7:15 ਵਜੇ ਯੂਐਸ ਸੈਂਟਰਲ ਕਮਾਂਡ ਬਲਾਂ ਨੇ ਇਸ ਹਫ਼ਤੇ ਇਰਾਨ ਵਿਰੁੱਧ ਹਮਲੇ ਦੇ ਤੀਜੇ ਦੌਰ ਦੀ ਸ਼ੁਰੂਆਤ ਕੀਤੀ। ਇਹ ਕਾਰਵਾਈ ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ ਦੀਆਂ ਫੌਜਾਂ ਦੁਆਰਾ • ਬਾਕੀ ਸਫ਼ਾ 2 ’ਤੇ



## ਬੱਦਲ ਫਟਣ ਕਾਰਨ ਘਰਾਂ ਤੇ ਹੋਟਲਾਂ ’ਚ ਵੜਿਆ ਪਾਣੀ

**ਪਹਿਲਗਾਮ :** ਮਾਨਸੂਨ ਤੋਂ ਬਾਅਦ ਕਈ ਸੂਬਿਆਂ ਵਿੱਚ ਭਾਰੀ ਮੀਂਹ ਆਪਣਾ ਕਹਿਰ ਦਿਖਾ ਰਿਹਾ ਹੈ। ਇਸ ਵਿਚਾਲੇ ਬੁਰੀ ਖਬਰ ਸਾਹਮਣੇ ਆ ਰਹੀ ਹੈ। ਦਰਅਸਲ, ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਸ਼ਨੀਵਾਰ (11 ਜੁਲਾਈ) ਨੂੰ ਬੱਦਲ ਫਟਣ ਕਾਰਨ ਇੱਕ ਨਾਲੇ ਵਿੱਚ ਅਚਾਨਕ ਹੜ੍ਹ ਆਉਣ ਕਾਰਨ ਕਈ ਹੋਟਲ ਅਤੇ ਘਰ ਡੁੱਬ ਗਏ। ਅਧਿਕਾਰੀਆਂ ਦੇ ਅਨੁਸਾਰ, ਦੱਖਣੀ ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਪਹਿਲਗਾਮ ਦੇ ਅਵੂਰਾ ਅਤੇ ਦੇਹਵਾਬੂ ਦੇ ਜੰਗਲੀ • ਬਾਕੀ ਸਫ਼ਾ 2 ’ਤੇ

## ਓਮਾਨ ਦੇ ਤੱਟ ਨੇੜੇ ਜਹਾਜ਼ ’ਤੇ ਹੋਏ ਹਮਲੇ ਦੀ ਭਾਰਤ ਵੱਲੋਂ ਨਿੰਦਾ

**ਓਮਾਨ :** ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਐਤਵਾਰ ਤੜਕੇ ਓਮਾਨ ਦੇ ਸਮੁੰਦਰੀ ਤੱਟ ਨੇੜੇ ਇੱਕ ਵਪਾਰਕ ਜਹਾਜ਼ ‘ਜੀਐੱਫਐੱਸ ਗਲੈਕਸੀ’ ’ਤੇ ਹੋਏ ਹਮਲੇ ਤੋਂ ਬਾਅਦ ਇੱਕ ਭਾਰਤੀ ਨਾਗਰਿਕ ਲਾਪਤਾ ਹੈ। ਮੰਤਰਾਲੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਕਿਹਾ, “ਜਹਾਜ਼ ’ਤੇ ਸਵਾਰ 11 ਭਾਰਤੀ ਨਾਗਰਿਕਾਂ ਵਿੱਚੋਂ 10 ਨੂੰ ਹੁਣ ਤੱਕ ਸੁਰੱਖਿਅਤ • ਬਾਕੀ ਸਫ਼ਾ 2 ’ਤੇ

## ਪੰਜਾਬੀ ਲੇਖਕ ਸਭਾ ਲੁਧਿਆਣਾ ਵੱਲੋਂ ਅਸ਼ਵਨੀ ਜੇਤਲੀ ‘ਪ੍ਰੇਮ’ ਦਾ ਗ਼ਜ਼ਲ ਸੰਗ੍ਰਹਿ ‘ਇਸ਼ਕ ਕੈਨਵਸ’ ਲੋਕ ਅਰਪਣ




**ਲੁਧਿਆਣਾ/ਤਮੰਨਾ ਬੇਦੀ**

ਪੰਜਾਬੀ ਲੇਖਕ ਸਭਾ ਲੁਧਿਆਣਾ ਦੀ ਇਕ ਅਹਿਮ ਮੀਟਿੰਗ ਪੰਜਾਬੀ ਭਵਨ ਲੁਧਿਆਣਾ ਦੇ ਡਾ. ਪਰਮਿੰਦਰ ਸਿੰਘ ਹਾਲ ਵਿਖੇ ਡਾ: ਗੁਰਇਕਬਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਭਾ ਦੇ ਵਿਧੀ ਵਿਧਾਨ ਬਾਰੇ ਚਰਚਾ ਕੀਤੀ ਗਈ। ਆਏ ਲੇਖਕ ਸਾਹਿਬਾਨਾਂ ਨੇ ਸਭਾ ਦੀ ਬੇਹਤਰੀ ਲਈ ਸੁਚਾਰੂ ਸੁਝਾਅ ਦਿੱਤੇ। ਹਰ ਮਹੀਨੇ ਦੇ ਚੌਥੇ ਐਤਵਾਰ ਸਵੇਰੇ 11 ਵਜੇ ਮੀਟਿੰਗ ਕੀਤੇ ਜਾਣ ਬਾਰੇ ਫੈਸਲਾ ਹੋਇਆ। ਇਸਦੇ ਨਾਲ ਹੀ ਹਰ ਮੀਟਿੰਗ ਵਿਚ ਇਕ ਲੇਖਕ ਜਾਂ ਇਕ ਕਿਤਾਬ ਬਾਰੇ ਹਾਜ਼ਰ ਲੇਖਕਾਂ ਬਾਰੇ ਗੱਲਬਾਤ ਕਰਨ ਬਾਰੇ ਵੀ ਫੈਸਲਾ ਕੀਤਾ ਗਿਆ। ਇਸ ਮੌਕੇ ਅਸ਼ਵਨੀ ਜੇਤਲੀ ‘ਪ੍ਰੇਮ’ ਦੇ ਗ਼ਜ਼ਲ ਸੰਗ੍ਰਹਿ ‘ਇਸ਼ਕ ਕੈਨਵਸ’ ਨੂੰ ਰਿਲੀਜ਼ ਕਰਦਿਆਂ ਡਾ: ਗੁਰਇਕਬਾਲ ਸਿੰਘ ਨੇ ਕਿਹਾ ਕਿ ਅਸ਼ਵਨੀ ਦੀ ਗ਼ਜ਼ਲ ਵਿਚ ਮੁਹੱਬਤ ਦਾ ਜ਼ੋਰ ਹੈ, ਤਾਂ ਦੁੱਖ, ਦਰਦ, ਪੀੜਾ ਦੀ ਇੰਤਹਾ ਵੀ ਹੈ। ਇਸ਼ਕ ਵਿਚਲੀ ਉਡੀਕ ਤੇ ਉਡੀਕ ਦਾ ਸੱਲ੍ਹ ਉਹਦੀਆਂ ਅੰਤਰੀਵ ਯਾਦਾਂ ਦਾ ਹਿੱਸਾ ਹੈ। ਕਵੀ ਲਈ ਉਡੀਕ ਕਦੇ ਤਿੜਕੇ ਸੁਪਨਿਆਂ ਦਾ ਸੰਸਾਰ ਬਣ ਜਾਂਦੀ ਹੈ, ਕਦੇ ਯਾਦਾਂ ਦੀ ਖੁਸ਼ਬੋ। ਡਾ. ਗੁਲਜ਼ਾਰ ਪੰਧੇਰ ਨੇ ਕਿਤਾਬ ਬਾਰੇ ਬੋਲਦਿਆਂ ਕਿਹਾ ਕਿ ਅਸ਼ਵਨੀ ਜੇਤਲੀ ਗ਼ਜ਼ਲ ਨੂੰ ਅਚੇਤ ਅਤੇ ਸੁਚੇਤ ਦੋਹਾਂ ਰੂਪਾਂ ਵਿਚ ਜਿਉਂਦਾ ਹੈ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਮਨਜਿੰਦਰ ਧਨੋਆ ਨੇ ਕਿਹਾ ਕਿ ਅਸ਼ਵਨੀ ਹੋਰਾਂ ਦੀ ਗ਼ਜ਼ਲ ਵਿਚ ਇਸ਼ਕ ਦਾ ਫੈਲਾਓ ਕੁਦਰਤ ਦੇ ਕਣ-ਕਣ ਵਿੱਚ ਵੱਸਿਆ ਹੋਇਆ ਹੈ। ਮੀਤ ਅਨਮੋਲ ਨੇ ਕਿਹਾ ਕਿ ਅਸ਼ਵਨੀ ਜੇਤਲੀ ਦੀ ਗ਼ਜ਼ਲ ਸਮਾਜ ਤੇ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈਂਦੀ ਮਨੁੱਖਤਾ ਤਕ ਵਿਕਾਸ ਕਰਦੀ ਹੈ। ਪ੍ਰਿੰ: ਇੰਦਰਜੀਤ ਪਾਲ ਕੌਰ ਨੇ ਕਿਹਾ ਕਿ ਅਸ਼ਵਨੀ ਦੀ ਗ਼ਜ਼ਲ ਵਿਚ ਇਸ਼ਕ ਦੀ ਐਨੀ ਸ਼ਿੱਦਤ ਅਤੇ ਸੁਹਿਰਦਤਾ ਹੈ ਕਿ ਕਵੀ ਇਸ਼ਕ ਖਾਤਰ ਫ਼ਨਾਅ ਹੋ ਜਾਣਾ ਚਾਹੁੰਦਾ ਹੈ। ਇਸ ਮੌਕੇ ਰਾਜਦੀਪ ਤੂਰ, ਮੈਡਮ ਜਸਪ੍ਰੀਤ ‘ਅਮਲਤਾਸ’, ਜਸਦੇਵ ਸਿੰਘ ਲਲਤੋਂ ਅਤੇ ਹਾਊਸ ਆਫ ਲਿਟਰੇਚਰ ਦੇ ਵਿਜੇ ਕੁਮਾਰ ਆਦਿ ਵੀ ਹਾਜ਼ਰ ਸਨ।

## ਤਾਜ ਹੋਟਲ ਨੂੰ ਬੰਬ ਨਾਲ ਉਡਾਉਣ ਦੀ ਧਮਕੀ; ਸੁਰੱਖਿਆ ਏਜੰਸੀਆਂ ਅਲਰਟ

**ਮੁੰਬਈ :** ਮੁੰਬਈ ਪੁਲੀਸ ਨੇ ਐਤਵਾਰ ਦੁਪਹਿਰ ਨੂੰ ਮੁੰਬਈ ਦੇ ਮਸ਼ਹੂਰ ਤਾਜ ਮਹਿਲ ਪੈਲੇਸ ਹੋਟਲ ਵਿੱਚ ਬੰਬ ਹੋਣ ਦੀ ਧਮਕੀ ਵਾਲੀ ਕਾਲ ਮਿਲਣ ਤੋਂ ਬਾਅਦ ਜਾਂਚ ਸ਼ੁਰੂ ਕਰ ਦਿੱਤੀ ਹੈ । ਧਮਕੀ ਤੋਂ ਤੁਰੰਤ ਬਾਅਦ ਹੋਟਲ ਦੀ ਇਮਾਰਤ ਅਤੇ ਆਲੇ-ਦੁਆਲੇ ਦੇ ਹਿੱਸਿਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਪੁਲੀਸ ਮੁਤਾਬਕ, ਐਤਵਾਰ ਦੁਪਹਿਰ ਨਵੀਂ ਮੁੰਬਈ ਪੁਲੀਸ ਨੂੰ ਇੱਕ ਫ਼ੋਨ ਕਾਲ ਆਈ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਤਾਜ ਮਹਿਲ ਪੈਲੇਸ ਹੋਟਲ ਨੂੰ ਬੰਬ ਨਾਲ ਉਡਾ ਦਿੱਤਾ ਜਾਵੇਗਾ । ਇਹ ਜਾਣਕਾਰੀ ਤੁਰੰਤ ਮੁੰਬਈ ਪੁਲੀਸ ਨਾਲ ਸਾਂਝੀ ਕੀਤੀ ਗਈ, ਜਿਸ ਤੋਂ ਬਾਅਦ ਪੁਲੀਸ ਨੇ ਹੋਟਲ ਦੀ ਪੂਰੀ ਇਮਾਰਤ ਦੀ ਸੁਰੱਖਿਆ ਜਾਂਚ ਕੀਤੀ । ਮੁੰਬਈ ਪੁਲੀਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ • ਬਾਕੀ ਸਫ਼ਾ 2 ’ਤੇ



## ਗੋਲੀਬਾਰੀ ’ਚ ਹਥਿਆਰ ਲੁਕਾਉਣ ਵਾਲਾ ਜਸ਼ਨਦੀਪ ਸਿੰਘ ਹੋਵੇਗਾ ਡਿਪੋਰਟ

**ਸਰੀ :** ਕੈਨੇਡਾ ਦੇ ਸਰੀ ਸਥਿਤ ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਫੇ ’ਤੇ ਹੋਈ ਗੋਲੀਬਾਰੀ ਦੇ ਮਾਮਲੇ ਵਿੱਚ ਇੱਕ ਵੱਡੀ ਕਾਰਵਾਈ ਸਾਹਮਣੇ ਆਈ ਹੈ। ਇਸ ਵਾਰਦਾਤ ਵਿੱਚ ਵਰਤੇ ਗਏ ਹਥਿਆਰ ਨੂੰ ਲੁਕਾਉਣ ਦੇ ਮੁਲਜ਼ਮ ਜਸ਼ਨਦੀਪ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ (ਦੇਸ਼ ਨਿਕਾਲਾ) ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਇੰਮੀਗ੍ਰੇਸ਼ਨ ਐਂਡ ਰਿਫੀਊਜੀ ਟ੍ਰਿਬਿਊਨਲ ਨੇ ਇਸ ਸਬੰਧੀ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਮਾਮਲੇ ਦੀ ਸੁਣਵਾਈ ਕਰਦਿਆਂ • ਬਾਕੀ ਸਫ਼ਾ 2 ’ਤੇ



## ਜੀ.ਐੱਨ.ਡੀ.ਯੂ ਦੇ ਦੀਕਸ਼ਾਂਤ ਸਮਾਰੋਹ ’ਚ ਪੁੱਜੇ ਰਾਜਪਾਲ, ਵੰਡੀਆਂ ਡਿਗਰੀਆਂ

**ਅੰਮ੍ਰਿਤਸਰ :** ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਅੱਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 51ਵੇਂ ਦੀਕਸ਼ਾਂਤ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉਨ੍ਹਾਂ ਨੇ ਯੂਨੀਵਰਸਿਟੀ ਦੇ ਵੱਖ-ਵੱਖ ਫੈਕਲਟੀਆਂ ਤੋਂ ਆਪਣੀ ਪੜ੍ਹਾਈ ਪੂਰੀ ਕਰਨ ਵਾਲੇ 456 ਵਿਦਿਆਰਥੀਆਂ ਨੂੰ ਡਿਗਰੀਆਂ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਦੌਰਾਨ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਦੇਖਣ ਨੂੰ ਮਿਲਿਆ। ਇਸ ਤੋਂ ਅੱਗੇ ਰਾਜਪਾਲ ਨੇ ਕਿਹਾ ਕਿ ਜਿਨ੍ਹਾਂ ਵਿਦਿਆਰਥੀਆਂ ਨੇ ਸਖ਼ਤ ਮਿਹਨਤ ਕਰਕੇ ਆਪਣੀ ਪੜ੍ਹਾਈ ਪੂਰੀ ਕੀਤੀ ਹੈ, ਉਹ ਵਧਾਈ ਦੇ ਹੱਕਦਾਰ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਅਧਿਆਪਕਾਂ ਅਤੇ ਮਾਪਿਆਂ ਦੇ ਯੋਗਦਾਨ ਦੀ ਵੀ • ਬਾਕੀ ਸਫ਼ਾ 2 ’ਤੇ



**ਜੀਵਨ ਵਿੱਚ ਨਵੀਆਂ ਜ਼ਿੰਮੇਵਾਰੀਆਂ ਅਤੇ ਨਵੇਂ ਟੀਚਿਆਂ ਵੱਲ ਅੱਗੇ ਵਧਣ ਦਾ ਸੰਦੇਸ਼**

ਸਮਾਗਮ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਦੀਕਸ਼ਾਂਤ ਸਮਾਰੋਹ ਕਿਸੇ ਵੀ ਵਿਦਿਆਰਥੀ ਦੇ ਜੀਵਨ ਦਾ ਬਹੁਤ ਹੀ ਮਹੱਤਵਪੂਰਨ ਪੜਾਅ ਹੁੰਦਾ ਹੈ। ਇਹ ਸਿਰਫ਼ ਡਿਗਰੀ ਪ੍ਰਾਪਤ ਕਰਨ ਦਾ ਮੌਕਾ ਨਹੀਂ, ਸਗੋਂ ਜੀਵਨ ਵਿੱਚ ਨਵੀਆਂ ਜ਼ਿੰਮੇਵਾਰੀਆਂ ਅਤੇ ਨਵੇਂ ਟੀਚਿਆਂ ਵੱਲ ਅੱਗੇ ਵਧਣ ਦਾ ਸੰਦੇਸ਼ ਵੀ ਦਿੰਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਅਸਲ ਮਕਸਦ ਕੇਵਲ ਡਿਗਰੀ ਹਾਸਿਲ ਕਰਨਾ ਨਹੀਂ, ਬਲਕਿ ਸਮਾਜ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣਾ ਹੈ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਕੈਨੇਡਾ ਭੇਜਣ ਸਬੰਧੀ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ ਸੰਗਤਾਂ : ਕਾਹਲਵਾਂ



**ਅੰਮ੍ਰਿਤਸਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਕੈਨੇਡਾ ਭੇਜਣ ਸਬੰਧੀ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ’ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਕੁਝ ਲੋਕ ਜਾਣਬੁੱਝ ਕੇ ਸੰਗਤਾਂ ਅੰਦਰ ਭਰਮ ਅਤੇ ਦੁਚਿੱਤੀ ਪੈਦਾ ਕਰਨ ਦੇ ਨਾਲ-ਨਾਲ ਸਿੱਖ ਸੰਸਥਾ ਦੇ ਅਕਸ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਮੰਦਭਾਗਾ ਅਤੇ ਨਿੰਦਣਯੋਗ ਹੈ। ਸ. ਕਾਹਲਵਾਂ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਦੀਆਂ ਸੰਗਤਾਂ ਅਤੇ ਉਥੋਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਲੰਮੇ ਸਮੇਂ ਤੋਂ ਪ੍ਰਗਟਾਈ ਜਾ ਰਹੀ ਧਾਰਮਿਕ ਲੋੜ ਅਤੇ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਪੂਰਨ ਮਰਿਆਦਾ ਅਨੁਸਾਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਕੈਨੇਡਾ ਭੇਜੀਆਂ ਗਈਆਂ ਹਨ। ਇਸ ਸਮੁੱਚੀ ਪ੍ਰਕਿਰਿਆ ਦੌਰਾਨ ਗੁਰਮਰਿਆਦਾ, ਸਤਿਕਾਰ ਅਤੇ ਪੰਥਕ ਪਰੰਪਰਾਵਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇੰਗਲੈਂਡ, ਆਸਟਰੇਲੀਆ, ਬੈਂਕਾਕ ਸਮੇਤ ਹੋਰ ਵੱਖ ਵੱਖ ਦੇਸ਼ਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲੈਣ ਦੀਆਂ ਪੁੱਜੀਆਂ ਮੰਗਾਂ ਪੁਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਪ੍ਰਵਾਨਗੀ ਹੋਣ ਮਗਰੋਂ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਿਤੀ 19 ਸਤੰਬਰ 2009 ਵਿਚ ਪ੍ਰਵਾਨ ਹੋਏ ਮਤਾ ਨੰਬਰ 2 ਦੀ ਰੋਸ਼ਨੀ ਵਿਚ ਮਰਯਾਦਾ ਅਨੁਸਾਰ ਪਾਵਨ ਸਰੂਪ ਪਹਿਲਾਂ ਵੀ ਵਿਦੇਸ਼ ਭੇਜੇ ਗਏ ਹਨ। ਹੁਣ ਵੀ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਐਸੋਸੀਏਸ਼ਨ, ਸਰੀ, ਬੀ.ਸੀ, ਕੈਨੇਡਾ ਵੱਲੋਂ ਪੁੱਜੀ ਮੰਗ ਪੁਰ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮਿਤੀ 28 ਜੁਲਾਈ 2025 ਦੀ ਇਕੱਤਰਤਾ ਦੇ ਮਤਾ ਨੰਬਰ 798 ਰਾਹੀਂ ਹੋਈ ਪ੍ਰਵਾਨਗੀ ਉਪਰੰਤ ਹੀ ਪਾਵਨ ਸਰੂਪ ਸਤਿਕਾਰ ਤੇ ਮਰਯਾਦਾ ਸਹਿਤ ਉਕਤ ਗੁਰਦੁਆਰਾ ਸਾਹਿਬ ਵਿਖੇ ਭੇਜੇ ਗਏ ਹਨ। ਸ. ਕਾਹਲਵਾਂ ਨੇ ਕਿਹਾ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ੰਕਾ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਵਨ ਬੀੜਾਂ ਭੇਜਣ ਤੋਂ ਪਹਿਲਾਂ ਸ਼?ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਵੱਲੋਂ ਕੈਨੇਡਾ ਜਾ ਕੇ ਉਥੇ ਕੀਤੇ ਗਏ ਸਮੁੱਚੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਨੇ ਵੀ ਸਬੰਧਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਪਾਵਨ • ਬਾਕੀ ਸਫ਼ਾ 2 ’ਤੇ

## ਭਾਰਤੀ-ਅਮਰੀਕੀ ਮਹਿਲਾ ਦਾ ਪਤੀ ਵੱਲੋਂ ਗੋਲੀਆਂ ਮਾਰ ਕੇ ਕਤਲ

**ਵਾਸ਼ਿੰਗਟਨ :** ਅਮਰੀਕਾ ਦੇ ਜਾਰਜੀਆ ਸੂਬੇ ਤੋਂ ਇਕ ਬੇਹੱਦ ਮੰਦਭਾਗੀ ਤੇ ਦਿਲ ਕੰਬਾਊ ਖ਼ਬਰ ਸਾਹਮਣੇ ਆਈ ਹੈ, ਜਿੱਥੇ ਗੂਗਲ ਦੀ ਇੱਕ ਸਾਬਕਾ ਉੱਚ ਭਾਰਤੀ-ਅਮਰੀਕੀ ਮਹਿਲਾ ਅਧਿਕਾਰੀ ਦਾ ਉਸ ਦੇ ਪਤੀ ਵੱਲੋਂ ਗੋਲੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਦੀ ਪਛਾਣ 57 ਸਾਲਾ ਸ਼ੀਤਲ ਵ?ਰਜੇਸੀਅਨ ਵਜੋਂ ਹੋਈ ਹੈ, ਜੋ ਤਕਨਾਲੋਜੀ ਦੇ ਖੇਤਰ ਵਿੱਚ ਇੱਕ ਮੰਨੀ-ਪ੍ਰਮੰਨੀ ਸ਼ਖ਼ਸੀਅਤ ਸੀ। ਇਸ ਖ਼ੂਨੀ ਝੜਪ ਦੌਰਾਨ ਮਾਂ ਨੂੰ ਬਚਾਉਣ ਆਇਆ ਉਨ੍ਹਾਂ ਦਾ 23 ਸਾਲਾ ਪੁੱਤਰ ਜੇਸਨ ਵੀ ਗੋਲੀ ਲੱਗਣ ਕਾਰਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ, ਜਿਸ ਨੂੰ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਸਥਾਨਕ ਪੁਲੀਸ ਮੁਤਾਬਕ • ਬਾਕੀ ਸਫ਼ਾ 2 ’ਤੇ

## ਸ੍ਰੀ ਹੇਮਕੁੰਟ ਸਾਹਿਬ ‘ਰੋਪਵੇਅ ਪ੍ਰੋਜੈਕਟ’ ਦਾ ਕਾਰਜ ਜਲਦ ਸ਼ੁਰੂ ਕਰਨ ਦੀ ਅਪੀਲ

**ਅੰਮ੍ਰਿਤਸਰ :** ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਚੇਅਰਮੈਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉੱਤਰਾਖੰਡ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਾਸਤੇ ਬਣਨ ਵਾਲੇ ਪ੍ਰਸਤਾਵਿਤ ਰੋਪਵੇਅ ਦੇ ਕਾਰਜ ਨੂੰ ਜਲਦੀ ਸ਼ੁਰੂ ਕੀਤਾ ਜਾਵੇ। ਭਾਰਤ ਸਰਕਾਰ ਵੱਲੋਂ 2730 ਕਰੋੜ ਰੁਪਏ ਦੀ ਲਾਗਤ ਨਾਲ ਇਹ ਰੋਪਵੇਅ ਬਣਾਉਣ ਦਾ ਐਲਾਨ ਕੀਤਾ ਗਿਆ ਸੀ। ਇਹ ਮਾਮਲਾ ਅੱਜ ਉਸ ਵੇਲੇ ਮੁੜ ਚਰਚਾ ਵਿੱਚ ਆਇਆ ਹੈ, ਜਦੋਂ ਪ੍ਰਧਾਨ ਮੰਤਰੀ ਨੇ ਆਪਣੇ ਨਿਊਜ਼ੀਲੈਂਡ ਦੌਰੇ ਦੌਰਾਨ ਉੱਥੇ ਵਸਦੇ ਭਾਰਤੀਆਂ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਰੋਪਵੇਅ ਪ੍ਰੋਜੈਕਟ ਦਾ ਜ਼ਿਕਰ ਕੀਤਾ। ਪ੍ਰਧਾਨ ਮੰਤਰੀ ਵੱਲੋਂ ਕੀਤੇ ਗਏ ਇਸ ਇਸ ਪ੍ਰਗਟਾਵੇ ਤੋਂ ਬਾਅਦ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਪ੍ਰਧਾਨ ਮੰਤਰੀ ਅਤੇ ਉੱਤਰਾਖੰਡ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਰੋਪਵੇ ਦੇ ਕੰਮ ਨੂੰ ਜਲਦੀ ਸ਼ੁਰੂ ਕਰਵਾਇਆ ਜਾਵੇ। ਉਨ੍ਹਾਂ ਨੇ ਖਾਸ ਕਰਕੇ ਪ੍ਰਧਾਨ ਮੰਤਰੀ ਦਾ ਇਸ ਪ੍ਰੋਜੈਕਟ ਦਾ ਜ਼ਿਕਰ ਕਰਨ ਲਈ ਧੰਨਵਾਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦਾ ਲਗਭਗ ਤਿੰਨ ਸਾਲ ਪਹਿਲਾਂ ਐਲਾਨ ਕੀਤਾ ਗਿਆ ਸੀ। ਇਸ ਪ੍ਰੋਜੈਕਟ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਸਰਵੇਖਣ ਤੋਂ ਬਾਅਦ ਕੰਪਨੀ ਨੂੰ ਟੈਂਡਰ ਦਿੱਤਾ ਜਾ • ਬਾਕੀ ਸਫ਼ਾ 2 ’ਤੇ

**ਟਰੱਸਟ ਦੇ ਚੇਅਰਮੈਨ ਵੱਲੋਂ ਪ੍ਰਧਾਨ ਮੰਤਰੀ ਦਾ ਧੰਨਵਾਦ**

## ਬੱਚਿਆਂ ਦੀ ਤਸਕਰੀ ਅਤੇ ਭੀਖ ਮੰਗਵਾਉਣ ਵਾਲੇ ਗਿਰੋਹ ਦੇ ਖ਼ਿਲਾਫ ਪੰਜਾਬ ਸਰਕਾਰ ਸਖ਼ਤ

**ਚੰਡੀਗੜ੍ਹ :** ਪੰਜਾਬ ਸਰਕਾਰ ਵੱਲੋਂ ਬੱਚਿਆਂ ਦੀ ਤਸਕਰੀ ਅਤੇ ਭੀਖ ਮੰਗਵਾਉਣ ਵਾਲੇ ਗਿਰੋਹ ਦੇ ਖ਼ਿਲਾਫ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰ ਨੇ ਸੜਕਾਂ ‘ਤੇ ਭੀਖ ਮੰਗਦੇ ਬੱਚਿਆਂ ਦੀ ਪਛਾਣ ਅਤੇ ਸੁਰੱਖਿਆ ਲਈ ਡੀਐਨਏ ਟੈਸਟ ਕਰਨ ਦੀ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਹੈਭੀਖ ਮੰਗਣ ਵਾਲੇ ਰੈਕੇਟਾਂ ਨੂੰ ਰੋਕਣ ਲਈ ਸੂਬਾ ਸਰਕਾਰ ਨੇ ‘ਪ੍ਰੋਜੈਕਟ ਜੀਵਨਜੋਤ 2.0’ ਸ਼ੁਰੂ ਕੀਤਾ ਹੈ। ਪੰਜਾਬ ਸਰਕਾਰ ਨੇ ਹੁਣ ਤੱਕ ਆਪਣੇ ਪ੍ਰੋਜੈਕਟ ਜੀਵਨਜੋਤ ਅਤੇ ਜੀਵਨਜੋਤ 2.0 ਤਹਿਤ 704 ਬੱਚਿਆਂ ਨੂੰ ਬਾਲ ਭੀਖ ਮੰਗਣ ਵਾਲਿਆਂ ਦੇ ਚੁੰਗਲ ਤੋਂ ਬਚਾਇਆ ਹੈ, ਇਹ ਪ੍ਰੋਜੈਕਟ ਬਾਲ ਸੁਰੱਖਿਆ ਦੇ ਖੇਤਰ ‘ਚ ਪੰਜਾਬ ਸਰਕਾਰ ਦੇ ਪ੍ਰੇਰਕ ਯਤਨ ਦੀ ਸ਼ਾਨਦਾਰ ਮਿਸਾਲ ਹੈ। ਸਰਕਾਰ ਦਾ ਉਦੇਸ਼ ਇਹ ਪਤਾ ਲਗਾਉਣਾ ਹੈ ਕਿ ਜਿਹੜੇ ਬੱਚੇ ਸੜਕਾਂ ਜਾਂ ਚੌਰਾਹਿਆਂ ‘ਤੇ ਵੱਡਿਆਂ ਨਾਲ ਭੀਖ ਮੰਗਦੇ ਮਿਲਦੇ ਹਨ, ਉਹ ਅਸਲ ‘ਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਨ ਜਾਂ ਨਹੀਂ। ਕਈ ਮਾਮਲਿਆਂ ‘ਚ ਬੱਚਿਆਂ ਦੀ ਤਸਕਰੀ ਅਤੇ ਸ਼ੋਸ਼ਣ ਦੇ ਖ਼ਤਰੇ ਸਾਹਮਣੇ ਆਏ ਹਨ, ਜਿਸ ਕਾਰਨ ਇਹ ਕਦਮ ਚੁੱਕਿਆ ਗਿਆ ਹੈ। ‘ਪ੍ਰੋਜੈਕਟ ਜੀਵਨਜੋਤ 2’ ਤਹਿਤ ਪੰਜਾਬ ਸਰਕਾਰ ਨੇ ਪਿਛਲੇ ਮਹੀਨਿਆਂ ‘ਚ ਸੈਂਕੜਿਆ ਬੱਚਿਆਂ ਨੂੰ ਸੜਕਾਂ ਤੋਂ ਬਚਾ ਕੇ ਉਨ੍ਹਾਂ ਦੇ ਪਰਿਵਾਰਾਂ ਨਾਲ ਮਿਲਾਇਆ ਅਤੇ ਕਈਆਂ ਨੂੰ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ‘ਚ ਦਾਖ਼ਲ ਕਰਵਾਇਆ। ਇਸ ਪਹਿਲਕਦਮੀ ਦੇ ਤਹਿਤ, ਬਚਾਏ ਗਏ ਬੱਚਿਆਂ ਅਤੇ ਉਨ੍ਹਾਂ • ਬਾਕੀ ਸਫ਼ਾ 2 ’ਤੇ

**ਸੜਕਾਂ ’ਤੇ ਭੀਖ ਮੰਗਦੇ ਬੱਚਿਆਂ ਦੀ ਪਛਾਣ ਅਤੇ ਸੁਰੱਖਿਆ ਲਈ ਡੀਐਨਏ ਟੈਸਟ ਕਰਨ ਦੀ ਵਿਸ਼ੇਸ਼ ਮੁਹਿੰਮ ਸ਼ੁਰੂ**

## ਸਿੱਖ ਜਥੇਬੰਦੀਆਂ ਨੇ ਲਾਡੋਵਾਲ ਟੋਲ ਪਲਾਜ਼ਾ ’ਤੇ ਲਾਇਆ ਧਰਨਾ, ਬਿਨਾਂ ਟੋਲ ਦਿੱਤੇ ਲੰਘ ਰਹੇ ਵਾਹਨ

**ਲਾਡੋਵਾਲ :** ਸਿੱਖ ਧਰਮ ਬਾਰੇ ਅਪਮਾਨਜਨਕ ਟਿੱਪਣੀਆਂ ਕਰਨ ਵਾਲੇ ਚੇਤਨ ਸ਼ਰਮਾ ਦੀ ਗ੍ਰਿਫ਼ਤਾਰੀ ਨਾ ਹੋਣ ’ਤੇ ਗੁੱਸੇ ਵਿੱਚ ਸਿੱਖ ਜਥੇਬੰਦੀਆਂ ਅਤੇ ਨਿਹੰਗ ਸਮੂਹਾਂ ਨੇ ਅੱਜ ਪੰਜਾਬ ਦੇ ਸਭ ਤੋਂ ਮਹਿੰਗੇ ਲਾਡੋਵਾਲ ਟੋਲ ਪਲਾਜ਼ਾ ’ਤੇ ਵਿਰੋਧ ਪ੍ਰਦਰਸ਼ਨ ਕੀਤਾ, ਜਿਸ ਕਾਰਨ ਟੋਲ-ਫ੍ਰੀ ਕਰਾਸਿੰਗ ਨੂੰ ਮਜਬੂਰਨ ਬੰਦ ਕਰ ਦਿੱਤਾ ਗਿਆ। ਜਥੇਬੰਦੀਆਂ ਨੇ ਸਪੱਸ਼ਟ ਕੀਤਾ ਹੈ ਕਿ ਵਿਰੋਧ ਪ੍ਰਦਰਸ਼ਨ ਜਾਰੀ ਰਹੇਗਾ ਅਤੇ ਟੋਲ-ਫ੍ਰੀ ਕਰਾਸਿੰਗ ਉਦੋਂ ਤੱਕ ਖੁੱਲ੍ਹੀ ਰਹੇਗੀ ਜਦੋਂ ਤੱਕ ਪੁਲਿਸ ਠੋਸ ਕਾਰਵਾਈ ਨਹੀਂ ਕਰਦੀ। ਇਸ ਕਾਰਨ 2 ਕਿਲੋਮੀਟਰ ਤੋਂ ਵੱਧ ਟ੍ਰੈਫਿਕ ਜਾਮ ਹੋ ਗਿਆ ਹੈ। ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ 25 ਦਿਨਾਂ ਬਾਅਦ ਵੀ ਪੁਲਿਸ ਚੇਤਨ ਸ਼ਰਮਾ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੀ ਹੈ। ਲੁਧਿਆਣਾ ਤੋਂ ਜਲੰਧਰ ਜਾਣ ਵਾਲੀ ਸੜਕ ’ਤੇ ਲਾਡੋਵਾਲ ਟੋਲ ਪਲਾਜ਼ਾ ’ਤੇ ਵਾਹਨਾਂ ਨੂੰ ਸਿਰਫ਼ ਇੱਕ ਲੇਨ ਤੋਂ ਲੰਘਣ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਪ੍ਰੇਸ਼ਾਨੀ ਹੋ ਰਹੀ ਹੈ। ਇਸ ਦੌਰਾਨ, ਜਲੰਧਰ ਤੋਂ ਆਉਣ ਵਾਲੀਆਂ ਜ਼ਿਆਦਾਤਰ ਲੇਨਾਂ ਵਿੱਚੋਂ ਵਾਹਨ ਬਿਨਾਂ ਟੋਲ ਦਿੱਤੇ ਲੰਘ ਰਹੇ ਹਨ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਹੈ ਕਿ ਮੁਲਜ਼ਮ ਚੇਤਨ ਸ਼ਰਮਾ ਵਿਰੁੱਧ ਗੰਭੀਰ ਮਾਮਲਾ ਦਰਜ ਕੀਤਾ ਗਿਆ ਹੈ, ਪਰ ਪੁਲਿਸ ਦੀ ਢਿੱਲੀ ਕਾਰਵਾਈ ਕਾਰਨ, ਮੁਲਜ਼ਮ ਨੂੰ 25 ਦਿਨਾਂ ਬਾਅਦ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ ਅਤੇ ਉਹ ਖੁੱਲ੍ਹੇਆਮ ਘੁੰਮ ਰਿਹਾ ਹੈ। ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਹਿਲਾਂ ਚੇਤਨ ਸ਼ਰਮਾ ਦੀ ਗ੍ਰਿਫਤਾਰੀ ਦੀ ਮੰਗ ਕਰਦੇ ਹੋਏ ਸੀਪੀ ਦਫ਼ਤਰ ਵਿਖੇ ਪ੍ਰਦਰਸ਼ਨ ਕੀਤਾ ਸੀ, ਪਰ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਚੇਤਨ ਸ਼ਰਮਾ ਨੇ ਸਿੱਖ ਧਰਮ ਵਿਰੁੱਧ ਬਹੁਤ ਹੀ ਅਸ਼ਲੀਲ ਟਿੱਪਣੀਆਂ ਕੀਤੀਆਂ ਸਨ, ਜੋ ਕਿ ਅਸਹਿਣਯੋਗ ਹੈ। ਸਿੱਖ ਸੰਗਠਨਾਂ ਨੇ ਸਪੱਸ਼ਟ ਕੀਤਾ ਹੈ ਕਿ ਇਹ ਵਿਰੋਧ ਉਦੋਂ ਤੱਕ ਖਤਮ ਨਹੀਂ ਹੋਵੇਗਾ ਜਦੋਂ ਤੱਕ ਪੁਲਿਸ ਪ੍ਰਸ਼ਾਸਨ ਚੇਤਨ ਸ਼ਰਮਾ ਨੂੰ ਗ੍ਰਿਫਤਾਰ ਨਹੀਂ ਕਰਦਾ ਅਤੇ ਉਸਨੂੰ ਸਲਾਖਾਂ ਪਿੱਛੇ ਨਹੀਂ ਸੁੱਟ ਦਿੰਦਾ। ਪ੍ਰਦਰਸ਼ਨਕਾਰੀਆਂ ਨੇ ਟੋਲ ਟੈਕਸ ਬੰਦ ਕਰ ਦਿੱਤਾ ਹੈ, ਪਰ ਵਾਹਨਾਂ ਲਈ ਸਿਰਫ ਇੱਕ ਲੇਨ ਖੁੱਲ੍ਹੀ ਛੱਡ ਦਿੱਤੀ ਹੈ। ਲੋਕਾਂ ਨੂੰ ਭਾਰੀ ਟ੍ਰੈਫਿਕ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਦੌਰਾਨ, ਜਲੰਧਰ ਵਾਲੇ ਪਾਸੇ ਸਾਰੀਆਂ ਲੇਨਾਂ ਤੋਂ ਵਾਹਨਾਂ ਨੂੰ ਲੰਘਣ ਦਿੱਤਾ ਜਾ ਰਿਹਾ ਹੈ। ਜਿਵੇਂ ਹੀ ਸਿੱਖ ਸੰਗਠਨ ਲਾਡੋਵਾਲ ਟੋਲ ਪਲਾਜ਼ਾ ’ਤੇ ਵਿਰੋਧ ਕਰਨ ਪਹੁੰਚੇ, ਲਾਡੋਵਾਲ ਪੁਲਿਸ ਸਟੇਸ਼ਨ ਪਹਿਲਾਂ ਪਹੁੰਚਿਆ। ਇਸ ਤੋਂ ਬਾਅਦ, ਹੋਰ ਥਾਣਿਆਂ ਦੀ ਪੁਲਿਸ ਨੂੰ ਵੀ ਮੌਕੇ ’ਤੇ ਬੁਲਾਇਆ ਗਿਆ। ਪੁਲਿਸ ਅਧਿਕਾਰੀ ਪ੍ਰਦਰਸ਼ਨਕਾਰੀਆਂ ਨਾਲ ਲਗਾਤਾਰ ਗੱਲ ਕਰ ਰਹੇ ਹਨ। ਪੁਲਿਸ ਨੇ ਸਤਲੁਜ ਪੁਲ ਦੇ ਇੱਕ ਪਾਸੇ ਆਵਾਜਾਈ ਨੂੰ ਸਾਫ਼ ਕਰ ਦਿੱਤਾ ਹੈ ਅਤੇ ਹੁਣ ਉੱਥੋਂ ਆਵਾਜਾਈ ਨੂੰ ਮੋੜਿਆ ਜਾ ਰਿਹਾ ਹੈ।



## ਵਿਸ਼ੇਸ਼ ਐਸ.ਆਈ.ਆਰ. ਕੈਂਪਾਂ ਦੌਰਾਨ 30 ਲੱਖ ਤੋਂ ਵੱਧ ਗਣਨਾ ਫਾਰਮ ਜਮ੍ਹਾਂ ਹੋਏ: ਅਨਿੰਦਿਤਾ ਮਿਤਰਾ

**ਚੰਡੀਗੜ੍ਹ :** ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਤੀਬਰ ਸੋਧ (ਐਸ. ਆਈ. ਆਰ.) ਪ੍ਰਕਿਰਿਆ ਦੇ ਹਿੱਸੇ ਵਜੋਂ, ਪੰਜਾਬ ਭਰ ਦੇ ਪੋਲਿੰਗ ਬੂਥਾਂ ’ਤੇ ਲਗਾਏ ਗਏ ਦੋ ਰੋਜ਼ਾ ਵਿਸ਼ੇਸ਼ ਕੈਂਪਾਂ ਦੌਰਾਨ 30 ਲੱਖ ਤੋਂ ਵੱਧ ਵੋਟਰਾਂ ਨੇ ਆਪਣੇ ਗਣਨਾ ਫਾਰਮ (ਈ.ਐਫ.) ਭਰੇ ਅਤੇ ਜਮ੍ਹਾਂ ਕਰਵਾਏ। ਪੰਜਾਬ ਦੀ ਮੁੱਖ ਚੋਣ ਅਧਿਕਾਰੀ (ਸੀ. ਈ. ਓ.) ਅਨਿੰਦਿਤਾ ਮਿਤਰਾ ਨੇ ਦੱਸਿਆ ਕਿ ਇਹ ਕੈਂਪ 11 ਅਤੇ 12 ਜੁਲਾਈ, 2026 ਨੂੰ ਸਵੇਰੇ 8 ਵਜੇ ਤੋਂ ਦੁਪਹਿਰ 3 ਵਜੇ ਤੱਕ ਸੂਬੇ ਭਰ ਦੇ ਸਾਰੇ ਪੋਲਿੰਗ ਬੂਥਾਂ ’ਤੇ ਲਗਾਏ ਗਏ ਸਨ। ਵੋਟਰਾਂ ਨੇ ਕੈਂਪਾਂ ਦੌਰਾਨ ਆਪਣੇ ਭਰੇ ਹੋਏ ਫਾਰਮ ਬੂਥ ਲੈਵਲ ਅਫ਼ਸਰਾਂ (ਬੀ.ਐਲ.ਓਜ਼.) ਕੋਲ ਜਮ੍ਹਾਂ ਕਰਵਾਏ। ਸ੍ਰੀਮਤੀ ਮਿਤਰਾ ਨੇ ਦੱਸਿਆ ਕਿ ਘਰ-ਘਰ ਜਾ ਕੇ ਗਣਨਾ ਫਾਰਮ ਇਕੱਠੇ ਕਰਨ ਦੀ ਪ੍ਰਕਿਰਿਆ ਅਜੇ ਵੀ ਜਾਰੀ ਹੈ ਅਤੇ ਇਹ 24 ਜੁਲਾਈ, 2026 ਤੱਕ ਜਾਰੀ ਰਹੇਗੀ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ 18 ਦਿਨਾਂ ਵਿੱਚ 1.30 ਕਰੋੜ ਤੋਂ ਵੱਧ ਵੋਟਰਾਂ ਨੇ ਆਪਣੇ ਗਣਨਾ ਫਾਰਮ ਜਮ੍ਹਾਂ ਕਰਵਾ ਦਿੱਤੇ ਹਨ। ਮੁੱਖ ਚੋਣ ਅਫ਼ਸਰ ਨੇ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਵੋਟਰਾਂ ਨੇ ਅਜੇ ਤੱਕ ਆਪਣੇ ਗਣਨਾ ਫਾਰਮ ਜਮ੍ਹਾਂ ਨਹੀਂ ਕਰਵਾਏ ਹਨ ਉਹ ਤੁਰੰਤ ਆਪਣੇ ਸਬੰਧਤ ਬੀ.ਐਲ.ਓਜ਼ ਨਾਲ ਸੰਪਰਕ ਕਰਨ। ਸ੍ਰੀਮਤੀ ਮਿਤਰਾ ਨੇ ਕਿਹਾ, ਹਰੇਕ ਯੋਗ ਵੋਟਰ • ਬਾਕੀ ਸਫ਼ਾ 2 ’ਤੇ




**ਘਰ-ਘਰ ਜਾ ਕੇ ਗਣਨਾ ਕਰਨ ਦੀ ਪ੍ਰਕਿਰਿਆ 24 ਜੁਲਾਈ ਤੱਕ ਜਾਰੀ ਰਹੇਗੀ**

ਸੰਪਾਦਕੀ

# ਵਿਸ਼ਵ ਆਬਾਦੀ ਦਿਵਸ ਦੇ ਸੰਦਰਭ ਵਿਚ

ਬੀਤੇ ਦਿਨ, ਅਰਥਾਤ 11 ਜੁਲਾਈ ਐਤਵਾਰ ਨੂੰ, ਵਿਸ਼ਵ ਆਬਾਦੀ ਦਿਵਸ ਸੀ। ਇਸ ਦਿਨ ਨੂੰ ਇਸ ਵਾਰ 'ਨੌਜਵਾਨਾਂ ਦੀਆਂ ਉਮੀਦਾਂ ਅਤੇ ਇੱਛਾਵਾਂ ਨੂੰ ਸਾਕਾਰ ਕਰਨਾ – ਅੱਜ ਅਤੇ ਭਵਿੱਖ ਲਈ' ਦੇ ਥੀਮ ਨਾਲ ਮਨਾਇਆ ਗਿਆ ਹੈ। ਕਹਿਣ ਦ ਭਾਵ ਕਿ ਐਤਕੀਂ ਵਿਸ਼ਵ ਆਬਾਦੀ ਦਿਵਸ ਮਨਾਉਣ ਦਾ ਵਿਸ਼ਾ ਨੌਜਵਾਨਾਂ ਦੇ ਭਵਿੱਖ ਉਪਰ ਕੇਂਦਰਿਤ ਹੈ। ਇਹ ਦਿਨ ਸਿੱਖਿਆ, ਪ੍ਰਜਨਨ ਸਿਹਤ ਸੰਭਾਲ ਅਤੇ ਲਿੰਗ ਸਮਾਨਤਾ ਰਾਹੀਂ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਦੀ ਮਹੱਤਵਪੂਰਨ ਲੋੜ ਨੂੰ ਉਜਾਗਰ ਕਰਦਾ ਹੈ ਕਿਉਂਕਿ ਵਿਸ਼ਵ ਆਬਾਦੀ 8.3 ਬਿਲੀਅਨ ਦੇ ਅੰਕੜੇ ਨੂੰ ਪਹੁੰਚ ਗਈ ਹੋਈ ਹੈ। ਤੇ ਭਾਰਤ ਵਿਸ਼ਵ ਗੁਰੂ ਬਣ ਗਿਆ ਹੋਇਆ ਹੈ। ਭਾਰਤ ਦੀ ਆਬਾਦੀ ਦੀ ਗੱਲ ਕਰੀਏ ਤਾਂ ਅੰਕੜਾ 147 ਕਰੋੜ ਨੂੰ ਪਹੁੰਚ ਚੁੱਕਾ ਹੈ। ਚਲੋ, ਇਸ ਦਿਨ ਨੂੰ ਮਨਾਉਣ ਦੇ ਉਦੇਸ਼ ਦੀ ਗੱਲ ਕਰੀਏ ਤਾਂ ਇਸਦਾ ਮੰਤਵ ਵਿਸ਼ਵਵਿਆਪੀ ਜਨਸੰਖਿਆ ਤਬਦੀਲੀਆਂ ਅਤੇ ਉਨ੍ਹਾਂ ਦੁਆਰਾ ਪੇਸ਼ ਕੀਤੀਆਂ ਗਈਆਂ ਚੁਣੌਤੀਆਂ ਨੂੰ ਉਜਾਗਰ ਕਰਨਾ ਹੈ। ਦੁਨੀਆ ਵਿੱਚ ਹਰ ਸਾਲ ਲੱਖਾਂ ਲੋਕਾਂ ਨੂੰ ਜੋੜਨ ਦੇ ਨਾਲ, ਸੰਯੁਕਤ ਰਾਸ਼ਟਰ ਆਬਾਦੀ ਫੰਡ ਵਰਗੀਆਂ ਸੰਸਥਾਵਾਂ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਟਿਕਾਊ ਵਿਕਾਸ ਅਤੇ ਲਚਕੀਲੇ ਭਾਈਚਾਰਿਆਂ ਦੇ ਨਿਰਮਾਣ ਲਈ ਨੌਜਵਾਨਾਂ ਦੀਆਂ ਇੱਛਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਵਿਸ਼ਵ ਆਬਾਦੀ 8.3 ਬਿਲੀਅਨ ਤੋਂ ਵੱਧ ਹੋਣ ਦਾ ਅਨੁਮਾਨ ਹੈ ਅਤੇ ਭਾਰਤ 147 ਕਰੋੜ ਦੇ ਅੰਕੜੇ ਨਾਲ ਵਿਸ਼ਵ ਪੱਧਰ 'ਤੇ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਿਆ ਹੋਇਆ ਹੈ। ਉਸ ਤੋਂ ਬਾਅਦ ਚੀਨ ਅਤੇ ਸੰਯੁਕਤ ਰਾਜ ਅਮਰੀਕਾ ਆਉਂਦੇ ਹਨ। ਭਾਰਤ ਦੀ ਨਿਰੰਤਰ ਵਧਦੀ ਆਬਾਦੀ ਹੀ ਦੇਸ਼ ਅੰਦਰ ਬੇਰੁਜ਼ਗਾਰੀ ਵਰਗੀ ਗੰਭੀਰ ਸਮੱਸਿਆ ਦਾ ਮੁੱਖ ਕਾਰਨ ਕਹੀ ਜਾ ਸਕਦੀ ਹੈ। ਨੌਜਵਾਨਾਂ ਦੇ ਭਵਿੱਖ, ਉਹਨਾਂ ਦੀਆਂ ਉਮੰਗਾਂ ਨੂੰ ਧੁੰਦਲਾ ਕਰਨ ਦਾ ਸਬੱਬ ਬਣ ਰਹੀ ਹੈ। ਅਜਿਹੇ ਵਿਚ ਦੇਸ਼ ਦੇ ਯੂਥ ਨੂੰ ਬੇਹਤਰ ਭਵਿੱਖ ਦੇਣ ਲਈ ਵਿਆਪਕ ਪੱਧਰ 'ਤੇ ਵਡੇਰੇ ਯਤਨ ਕਰਨੇ ਪੈਣੇ ਹਨ। ਇਸਦੇ ਲਈ ਸਿਰਫ਼ ਸਰਕਾਰਾਂ ਨੂੰ ਹੀ ਨਹੀਂ, ਸਮੂਹ ਸਮਾਜਿਕ ਸੰਗਠਨਾਂ ਨੂੰ ਵੀ ਆਪੋ ਆਪਣੇ ਪੱਧਰ ਉਪਰ ਯਤਨ ਕਰਨੇ ਪੈਣੇ ਹਨ। ਏਨਾ ਹੀ ਨਹੀਂ ਧਾਰਮਿਕ ਜਥੇਬੰਦੀਆਂ ਨੂੰ ਵੀ ਇਸ ਕਾਰਜ ਲਈ ਮਦਦਗਾਰ ਬਣਨਾ ਪੈਣਾ ਹੈ ਤੇ ਸੱਭਿਆਚਰਕ ਸੰਗਠਨਾਂ ਨੂੰ ਵੀ। ਵਿਸ਼ਵ ਆਬਾਦੀ ਦਿਵਸ ਦੇ ਵਿਸ਼ੇ ਅਨੁਸਾਰ ਨੌਜਵਾਨਾਂ ਦੇ ਭਵਿੱਖਤ ਸੁਪਨਿਆਂ ਨੂੰ ਤਾਬੀਰ ਦੇਣ, ਉਨ੍ਹਾਂ ਨੂੰ ਹੋਰ ਉੱਚਿਆਂ ਉੱਡਣ ਲਈ ਅਵਸਰਾਂ ਦੇ ਖੰਭ ਦੇਣ ਲਈ ਸੰਗਠਿਤ ਜਤਨਾਂ ਦੀ ਲੋੜ ਹੈ। ਯੂਥ ਹੁਨਰ ਦਾ ਵਿਦੇਸ਼ਾਂ ਵਿਚ ਜਾ ਕੇ ਸੈਟਲ ਹੋਣ ਦੇ ਵੱਧ ਰਹੇ ਰੁਝਾਨ ਨੂੰ ਠੱਲ੍ਹ ਪੈ ਕੇ ਉਹਨਾਂ ਲਈ ਸਵਦੇਸ਼ ਵਿਚ ਹੀ ਵਿਸ਼ਵ ਪੱਧਰੀ ਜੀਵਨ ਦੇਣ ਲਈ ਵਿਆਪਕ ਯਤਨਾਂ ਦੀ ਜ਼ਰੂਰਤ ਹੈ। ਭਾਰਤ ਸਰਕਾਰ ਅਤੇ ਸੂਬਾ ਸਰਕਾਰਾਂ ਨੂੰ ਚਾਹੀਦੈ ਕਿ ਭਵਿੱਖ ਦੀਆਂ ਵਧੇਰੇ ਯੋਜਨਾਵਾਂ ਯੂਥ ਟੈਲੈਂਟ ਨੂੰ ਸਾਂਭਣ ਦੇ ਯਤਨਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਉਲੀਕੀਆਂ ਜਾਣ ਤਾਂ ਜੋ ਵਿਸ਼ਵ ਆਬਾਦੀ ਦਿਵਸ ਦੇ ਥੀਮ ਨੂੰ, ਇਸ ਸੁਪਨੇ ਨੂੰ, ਸਾਕਾਰ ਕੀਤਾ ਜਾ ਸਕੇ।



**- ਅਸ਼ਵਨੀ ਜੇਤਲੀ 'ਪ੍ਰੇਮ'**

## ਕਵਿਤਾ / ਸਾਰਥੀ

ਇਹ ਕਿਹੋ ਜਿਹੀ ਲਛਮਣ ਰੇਖਾ ਹੈ
ਮਰਿਆਦਾ ਦੀ
ਜਿਸ ਨੂੰ ਲੰਘ ਨਹੀਂ ਪਾਵਾਂ
ਕਿਹੋ ਜਿਹਾ ਚੱਕਰਵਿਊਹ ਹੈ ਇਹ ਸਮਾਜ
ਕਿਸੇ ਅੰਧੇਰ ਨਗਰੀ ਵਾਂਗ
ਜਿਸ ਵਿਚ ਧਸਦਾ ਜਾਵਾਂ
ਕਿਹੋ ਜਿਹਾ ਹੈ ਇਹ ਭਵਸਾਗਰ ਜੀਵਨ
ਆਪਣੇ ਢੰਗ ਨਾਲ ਜੀ ਵੀ ਨਾ ਪਾਵਾਂ, ਛਟਪਟਾਵਾਂ
ਮਾਯੂਸ ਜਿਹਾ ਹੋ ਜਾਂਦਾ ਹਾਂ
...ਤੇ ਫਿਰ
ਅਗਲੇ ਹੀ ਪਲ
ਹਿੰਮਤ ਜੁਟਾਉਂਦਾ ਹਾਂ
ਯਾਦਾਂ ਤੇ ਕਲਪਨਾਵਾਂ ਦੇ
ਰੱਥ 'ਤੇ ਹੋ ਸਵਾਰ
ਦਵੰਧ ਦੇ ਕੁਰੂਕਸ਼ੇਤਰ 'ਚ
ਖੁਦ ਹੀ ਅਪਣਾ ਸਾਰਥੀ ਬਣ ਜਾਂਦਾ ਹਾਂ।

– ਅਸ਼ਵਨੀ ਜੇਤਲੀ 'ਪ੍ਰੇਮ'

# ਮੋਦੀ ਸਰਕਾਰ ਦੇ ਬਾਰਾਂ ਵਰ੍ਹੇ, ਲੋਕਾਂ ਦੇ ਸੁਪਨਿਆਂ ਦਾ ਘਾਣ

**ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ। ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ।**

ਜ਼ਿਕਰ ਪੰਜਾਬ

ਸਾਲ 2014 ਵਿੱਚ ਜਦੋਂ ਨਰਿੰਦਰ ਮੋਦੀ ਪਹਿਲੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਬਣੇ, ਤਾਂ ਉਨ੍ਹਾਂ ਨੇ 'ਅੱਛੇ ਦਿਨ' ਅਤੇ ਵੱਡੇ ਬਦਲਾਅ ਦਾ ਵਾਅਦਾ ਕੀਤਾ ਸੀ। ਅੱਜ ਸਰਕਾਰ ਵੱਲੋਂ ਵਿਕਾਸ ਦੇ ਵੱਡੇ-ਵੱਡੇ ਅੰਕੜੇ ਪੇਸ਼ ਕੀਤੇ ਜਾਂਦੇ ਹਨ-ਜਿਵੇਂ ਦੇਸ਼ ਵਿੱਚ ਹਵਾਈ ਅੱਡਿਆਂ ਦੀ ਗਿਣਤੀ 74 ਤੋਂ ਵਧ ਕੇ 160 ਹੋ ਗਈ ਹੈ, ਐਕਸਪ੍ਰੈਸਵੇਅ 1000 ਕਿਲੋਮੀਟਰ ਤੋਂ ਵਧ ਕੇ 5700 ਕਿਲੋਮੀਟਰ ਤੱਕ ਫੈਲ ਗਏ ਹਨ, ਅਤੇ ਮੈਟਰੋ ਰੇਲ ਨੈੱਟਵਰਕ ਜੋ ਕਦੇ ਸਿਰਫ਼ 5 ਸ਼ਹਿਰਾਂ ਵਿੱਚ ਸੀ, ਅੱਜ 20 ਵੱਡੇ ਸ਼ਹਿਰਾਂ ਦੀ ਸ਼ਾਨ ਬਣ ਚੁੱਕਾ ਹੈ। ਪਰ ਇਸ ਚਮਕ-ਦਮਕ ਦੇ ਪਿੱਛੇ ਲੁਕੀ ਅਸਲ ਸੱਚਾਈ ਬੇਹੱਦ ਦਰਦਨਾਕ ਹੈ। ਵੱਡਾ ਸਵਾਲ ਇਹ ਉੱਠਦਾ ਹੈ ਕਿ ਇਹ ਗਗਨਚੁੰਬੀ ਇਮਾਰਤਾਂ, ਮਹਿੰਗੇ ਐਕਸਪ੍ਰੈਸਵੇਅ ਅਤੇ ਹਵਾਈ ਅੱਡੇ ਦੇਸ਼ ਦੇ ਕਿਸ ਵਰਗ ਲਈ ਬਣਾਏ ਗਏ ਹਨ? ਕੀ ਦੇਸ਼ ਦਾ ਗਰੀਬ, ਮਜ਼ਦੂਰ ਅਤੇ ਮੱਧਮ ਵਰਗ ਇਨ੍ਹਾਂ ਮਹਿੰਗੀਆਂ ਸਹੂਲਤਾਂ ਦਾ ਆਨੰਦ ਲੈਣ ਦੇ ਸਮਰੱਥ ਹੈ?ਹਕੀਕਤ ਇਹ ਹੈ ਕਿ ਇਸ ਚਮਕਦੀ ਤਸਵੀਰ ਦੇ ਓਹਲੇ ਦੇਸ਼ ਦਾ ਆਮ ਆਦਮੀ, ਮਜ਼ਦੂਰ ਅਤੇ ਕਿਸਾਨ ਅੱਜ ਵੀ ਬੇਹਾਲ ਬਸਤੀਆਂ, ਧੂੜ-ਮਿੱਟੀ ਅਤੇ ਗੰਦੇ ਪਾਣੀ ਨਾਲ ਨਰਕ ਬਣ ਚੁੱਕੇ ਪਿੰਡਾਂ ਤੇ ਸ਼ਹਿਰਾਂ ਵਿੱਚ ਜ਼ਿੰਦਗੀ ਕੱਟਣ ਲਈ ਮਜ਼ਬੂਰ ਹੈ। ਸਰਕਾਰ ਵੱਲੋਂ ਚਲਾਏ ਜਾ ਰਹੇ ਸਰਕਾਰੀ ਸਕੂਲ ਰੱਦੀ ਹਨ, ਜਿੱਥੇ ਗਰੀਬਾਂ ਦੇ ਬੱਚੇ ਪੜ੍ਹਦੇ ਹਨ, ਅਤੇ ਖਸਤਾਹਾਲ ਸਰਕਾਰੀ ਹਸਪਤਾਲ ਇਸ ਗੱਲ ਦਾ ਸਬੂਤ ਹਨ ਕਿ ਆਮ ਲੋਕਾਂ ਲਈ ਬੁਨਿਆਦੀ ਸਹੂਲਤਾਂ ਅੱਜ ਵੀ ਜ਼ੀਰੋ ਦੇ ਬਰਾਬਰ ਹਨ। ਕੋਰੋਨਾ ਕਾਲ ਦੇ ਉਸ ਭਿਆਨਕ ਦੌਰ ਨੂੰ ਦੇਸ਼ ਕਦੇ ਨਹੀਂ ਭੁੱਲ ਸਕਦਾ, ਜਦੋਂ ਆਕਸੀਜਨ, ਬੈੱਡਾਂ ਅਤੇ ਇਲਾਜ ਦੀ ਘਾਟ ਕਾਰਨ ਲੱਖਾਂ ਲੋਕਾਂ ਨੇ ਦਮ ਤੋੜਿਆ ਅਤੇ ਸਭ ਤੋਂ ਵੱਧ ਮਾਰ ਇਸੇ ਗਰੀਬ ਜਨਤਾ 'ਤੇ ਪਈ ਸੀ। ਆਜ਼ਾਦੀ ਦੇ 70-77 ਸਾਲਾਂ ਬਾਅਦ ਵੀ ਆਮ ਇਨਸਾਨ ਲਈ 'ਰੋਟੀ ਦੀ ਟੋਕਰੀ' ਅਤੇ ਸਨਮਾਨਜਨਕ ਜ਼ਿੰਦਗੀ ਉਸ ਦੀ ਪਹੁੰਚ ਤੋਂ ਉਤਨੀ ਹੀ ਦੂਰ ਹੈ, ਜਿੰਨੀ ਪਹਿਲਾਂ ਸੀ। ਇਹ ਕਿਹੋ ਜਿਹਾ ਵਿਕਾਸ ਹੈ ਜੋ ਕਾਰਪੋਰੇਟਾਂ ਦੀਆਂ ਤਿਜੋਰੀਆਂ ਤਾਂ ਭਰਦਾ ਹੈ, ਪਰ ਗ਼ਰੀਬ ਦੀ ਥਾਲੀ ਵਿੱਚੋਂ ਰੋਟੀ ਖੋਹ ਲੈਂਦਾ ਹੈ? ਦਰਅਸਲ, ਇਹ ਮਨਾਏ ਜਾ ਰਹੇ ਜਸ਼ਨ ਦੇਸ਼ ਦੇ ਅਸਲ ਵਿਕਾਸ ਦੇ ਨਹੀਂ, ਸਗੋਂ ਵਿਰੋਧੀ ਧਿਰਾਂ ਨੂੰ ਕੁਚਲਣ ਅਤੇ ਆਪਣੀ ਸਿਆਸੀ ਸਰਦਾਰੀ ਕਾਇਮ ਕਰਨ ਦੇ ਹਨ। ਪੱਛਮੀ ਬੰਗਾਲ ਵਿੱਚ ਮਮਤਾ ਬਨਰਜੀ ਅਤੇ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਦੇ ਅਜਿੱਤ ਕਿਲੇ ਨੂੰ ਢਾਹੁਣ ਲਈ ਸਰਕਾਰ ਨੇ ਸਾਮ, ਦਾਮ, ਡੰਡ, ਭੇਦ ਸਭ ਨੀਤੀਆਂ ਦਾ ਨੰਗਾ ਨਾਚ ਕੀਤਾ। ਵਿਧਾਨ ਸਭਾ ਚੋਣ ਉਪਰੰਤ ਟੀ.ਐੱਮ.ਸੀ. ਦੇ 20 ਸੰਸਦ ਮੈਂਬਰਾਂ ਨੂੰ ਬਾਗੀ ਕਰਵਾ ਕੇ ਤ੍ਰਿਪੁਰਾ ਦੀ ਖੇਤਰੀ ਪਾਰਟੀ 'ਨੈਸ਼ਨਲ ਸਿਟੀਜ਼ਨਜ਼ ਪਾਰਟੀ ਆਫ਼ ਇੰਡੀਆ' ਵਿੱਚ ਸ਼ਾਮਲ ਕਰਵਾ ਦਿੱਤਾ ਗਿਆ। ਇਸ ਵੱਡੀ ਸਿਆਸੀ ਤੋੜ-ਭੰਨ੍ਹ ਦੇ ਪਿੱਛੇ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਚਾਲ ਲੁਕੀ ਹੋਈ ਹੈ। ਸਰਕਾਰ ਲੋਕ ਸਭਾ ਅਤੇ ਰਾਜ ਸਭਾ-ਦੋਵਾਂ ਸਦਨਾਂ ਵਿੱਚ 'ਦੋ-ਤਿਹਾਈ ਬਹੁਮਤ' ਹਾਸਲ ਕਰਨਾ ਚਾਹੁੰਦੀ ਹੈ। ਰਾਜ ਸਭਾ ਵਿੱਚ ਭਾਜਪਾ ਬਹੁਮਤ ਦੇ ਬੇਹੱਦ ਨਜ਼ਦੀਕ ਪਹੁੰਚ ਰਹੀ ਹੈ, ਜਿਸ ਤੋਂ ਬਾਅਦ ਦੇਸ਼ ਦੇ ਪਵਿੱਤਰ ਸੰਵਿਧਾਨ ਨੂੰ ਆਪਣੀ ਇੱਛਾ ਅਤੇ 'ਹਿੰਦੂਤਵਵਾਦੀ ਨੀਤੀਆਂ' ਅਨੁਸਾਰ ਬਦਲਣ ਜਾਂ ਨਵੇਂ ਸਿਰੇ ਤੋਂ ਲਿਖਣ ਦਾ ਰਸਤਾ ਸਾਫ਼ ਹੋ ਜਾਵੇਗਾ। ਇਹ ਕੋਸ਼ਿਸ਼ ਦੇਸ਼ ਦੇ ਬਹੁ-ਸੱਭਿਆਚਾਰਕ, ਧਰਮ-ਨਿਰਪੱਖ ਅਤੇ ਜਮਹੂਰੀ ਢਾਂਚੇ ਲਈ ਘਾਤਕ ਸਿੱਧ ਹੋ ਸਕਦੀ ਹੈ, ਜੋ ਦੇਸ਼ ਦੇ ਟੁਕੜੇ-ਟੁਕੜੇ ਕਰਨ ਦੀ ਸਮਰੱਥਾ ਰੱਖਦੀ ਹੈ। ਕੀ ਦੂਜੀਆਂ ਪਾਰਟੀਆਂ ਵਿੱਚ ਅਜਿਹੀ ਫੁੱਟ ਪਾਉਣਾ ਅਤੇ ਜਨਾਦੇਸ਼ ਦਾ ਅਪਮਾਨ ਕਰਨਾ ਗ਼ੈਰ-ਲੋਕਤੰਤਰਿਕ ਨਹੀਂ ਹੈ? ਅੱਜ ਲੋਕਤੰਤਰ ਦੀ ਦੁਹਾਈ ਦੇਣ ਵਾਲੀ ਸਰਕਾਰ ਵਿਰੋਧੀਆਂ ਨੂੰ ਝੁਕਾਉਣ ਲਈ ਈ.ਡੀ., ਸੀ.ਬੀ.ਆਈ. ਅਤੇ ਇੱਥੋਂ ਤੱਕ ਕਿ ਚੋਣ ਕਮਿਸ਼ਨ ਵਰਗੀਆਂ ਸੰਵਿਧਾਨਕ ਸੰਸਥਾਵਾਂ ਦੀ ਸ਼ਰੇਆਮ ਅਤੇ ਸ਼ਰਮਨਾਕ ਵਰਤੋਂ ਕਰ ਰਹੀ ਹੈ। ਵਿਰੋਧੀ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕਣਾ, ਉਨ੍ਹਾਂ ਦੇ ਫੰਡ ਫ?ਰੀਜ਼ ਕਰਨਾ ਅਤੇ ਰਾਤੋ-ਰਾਤ ਪਾਰਟੀਆਂ ਨੂੰ ਤੋੜਨਾ ਸਿੱਧੀ ਤਾਨਾਸ਼ਾਹੀ ਵੱਲ




ਇਸ਼ਾਰਾ ਕਰਦਾ ਹੈ। ਅੱਜ ਦੀਆਂ ਸੰਸਥਾਵਾਂ ਨਿਰਪੱਖ ਹੋਣ ਦੀ ਬਜਾਏ ਸੱਤਾਧਾਰੀ ਪਾਰਟੀ ਦੇ ਵਿੰਗ ਵਜੋਂ ਕੰਮ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਹਾਲਾਂਕਿ, ਇਹ ਬਿਮਾਰੀ ਭਾਰਤੀ ਰਾਜਨੀਤੀ ਵਿੱਚ ਪੁਰਾਣੀ ਹੈ। ਕਾਂਗਰਸ ਦੇ ਰਾਜ ਦੌਰਾਨ ਵੀ ਵਿਰੋਧੀ ਸਰਕਾਰਾਂ ਨੂੰ ਧਾਰਾ 356 ਦੀ ਦੁਰਵਰਤੋਂ ਕਰਕੇ ਬੇਰਹਿਮੀ ਨਾਲ ਡਿਗਾਇਆ ਜਾਂਦਾ ਸੀ ਅਤੇ ਇੰਦਰਾ ਗਾਂਧੀ ਨੇ ਵੀ ਸੱਤਾ ਵਿੱਚ ਬਣੇ ਰਹਿਣ ਲਈ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਬਣਾ ਕੇ ਰੱਖਿਆ ਸੀ।

ਅੱਜ ਦੇ ਹਾਕਮਾਂ ਨੇ ਉਸੇ ਪੁਰਾਣੇ ਤਾਨਾਸ਼ਾਹੀ ਮਾਡਲ ਨੂੰ ਹੋਰ ਵੀ ਆਧੁਨਿਕ ਅਤੇ ਮਾਰੂ ਬਣਾ ਕੇ ਪੇਸ਼ ਕਰ ਦਿੱਤਾ ਹੈ। ਪਰ ਮੌਜੂਦਾ ਦੌਰ ਦੀ ਸਥਿਤੀ ਹੋਰ ਵੀ ਭਿਆਨਕ ਇਸ ਲਈ ਹੈ ਕਿਉਂਕਿ ਹੁਣ ਸੱਤਾ ਦੀ ਹਵਸ ਵਿੱਚ ਸਮਾਜਿਕ ਤਾਣੇ-ਬਾਣੇ ਨੂੰ ਹੀ ਨਿਸ਼ਾਨਾ ਬਣਾਇਆ ਗਿਆ ਹੈ। ਹੁਣ ਦੀ ਸਰਕਾਰ ਨੇ ਪਹਿਲਾਂ ਧਰਮ ਦੇ ਨਾਂ 'ਤੇ ਸਮਾਜ ਵਿੱਚ ਨਫ਼ਰਤ ਦਾ ਅਜਿਹਾ ਪਾੜਾ ਪਾਇਆ, ਜੋ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਵੋਟਾਂ ਹਥਿਆਉਣ ਲਈ ਬਹੁਗਿਣਤੀ ਭਾਵਨਾਵਾਂ ਨੂੰ ਭੜਕਾਇਆ ਗਿਆ, ਫਿਰ ਜਾਤ-ਪਾਤ ਦੇ ਵਰਤਾਰੇ ਨੂੰ ਹਵਾ ਦਿੱਤੀ ਗਈ ਅਤੇ ਹੁਣ ਹਰ ਉੱਠਣ ਵਾਲੀ ਵਿਰੋਧੀ ਅਤੇ ਸੱਚੀ ਆਵਾਜ਼ ਨੂੰ ਦੇਸ਼-ਧ੍ਰੋਹ ਦਾ ਲੇਬਲ ਲਗਾ ਕੇ ਖ਼ਤਮ ਕੀਤਾ ਜਾ ਰਿਹਾ ਹੈ। ਚਰਚਾ ਤਾਂ ਇੱਥੋਂ ਤੱਕ ਹੈ ਕਿ ਦੇਸ਼ ਦੀ ਨਿਆਂਪਾਲਿਕਾ ਦੀ ਆਜ਼ਾਦੀ ਨੂੰ ਵੀ ਹੌਲੀ-ਹੌਲੀ ਖ਼ਤਮ ਕਰਕੇ ਉਸ ਨੂੰ ਸਰਕਾਰੀ ਇੱਛਾ ਅਨੁਸਾਰ ਢਾਲਣ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਚੌਥਾ ਸਤੰਭ ਕਹਾਉਣ ਵਾਲਾ ਮੀਡੀਆ ਅੱਜ 'ਗੋਦੀ ਮੀਡੀਆ' ਬਣ ਕੇ ਸੱਤਾ ਦੇ ਸੋਹਲੇ ਗਾ ਰਿਹਾ ਹੈ ਅਤੇ ਜਨਤਾ ਦੇ ਅਸਲ ਸਵਾਲਾਂ ਨੂੰ ਗਾਇਬ ਕਰ ਚੁੱਕਾ ਹੈ। ਅਜਿਹਾ ਘੁੱਟਣ ਭਰਿਆ ਅਤੇ ਦਮਨਕਾਰੀ ਮਾਹੌਲ ਭਾਰਤੀ ਲੋਕਤੰਤਰ ਦੇ ਪਿਛਲੇ 77 ਸਾਲਾਂ ਦੇ ਇਤਿਹਾਸ ਵਿੱਚ ਕਿਸੇ ਵੀ ਹੋਰ ਸ਼ਾਸਨ ਵਿੱਚ ਦੇਖਣ ਨੂੰ ਨਹੀਂ ਮਿਲਿਆ। ਦੇਸ਼ ਦੀ ਜਨਤਾ ਨੇ ਇੱਕ 'ਚਾਹ ਵੇਚਣ ਵਾਲੇ' ਦੇ ਸਾਧਾਰਨ ਅਤੇ ਗਰੀਬ ਪਿਛੋਕੜ ਤੋਂ ਪ੍ਰਭਾਵਿਤ ਹੋ ਕੇ, ਉਸ ਦੇ ਹੰਝੂਆਂ 'ਤੇ ਵਿਸ਼ਵਾਸ ਕਰਕੇ ਦੇਸ਼ ਦੀ ਕਮਾਨ ਸੌਂਪੀ ਸੀ। ਪਰ ਅੱਜ ਉਹ ਪ੍ਰਧਾਨ ਮੰਤਰੀ, ਉਨ੍ਹਾਂ ਦੇ ਮੰਤਰੀ, ਸੰਸਦ ਮੈਂਬਰ ਅਤੇ ਮੋਦੀ ਭਗਤ ਕਿਸੇ ਤਾਨਾਸ਼ਾਹ ਰਾਜੇ-ਮਹਾਰਾਜੇ ਵਾਂਗ ਅਲੀਸ਼ਾਨ ਬੰਗਲਿਆਂ, ਅਰਬਾਂ ਰੁਪਏ ਦੇ ਹਵਾਈ ਜਹਾਜ਼ਾਂ ਅਤੇ ਮਹਿੰਗੀਆਂ ਗੱਡੀਆਂ ਦੇ ਕਾਫ਼ਲਿਆਂ ਵਿੱਚ ਰਹਿੰਦੇ ਹਨ। ਜਦੋਂ ਇਨ੍ਹਾਂ ਦੇ ਵੀ.ਆਈ.ਪੀ. ਕਾਫ਼ਲੇ ਸੜਕਾਂ 'ਤੇ ਹੂਟਰ ਵਜਾਉਂਦੇ, ਟ?ਰੈਫਿਕ ਰੋਕ ਕੇ ਨਿਕਲਦੇ ਹਨ, ਤਾਂ ਆਮ ਜਨਤਾ ਕੜਕਦੀ ਧੁੱਪ ਵਿੱਚ ਜਾਮ ਵਿੱਚ ਫਸੀ ਪਰੇਸ਼ਾਨ ਹੁੰਦੀ ਹੈ-ਉਹ ਜਨਤਾ ਜੋ ਮਹਿੰਗਾਈ, ਆਟੇ-ਦਾਲ ਦੇ ਭਾਅ ਅਤੇ ਬੇਰੁਜ਼ਗਾਰੀ ਦੀ ਚੱਕੀ ਵਿੱਚ ਬੁਰੀ ਤਰ੍ਹਾਂ ਪਿਸ ਰਹੀ ਹੈ। ਇਹ ਲੋਕਤੰਤਰ ਨਹੀਂ, ਸਗੋਂ ਜਨਤਾ ਦੇ ਪੈਸੇ 'ਤੇ ਪਲ ਰਹੀ ਇੱਕ ਨਵੀਂ 'ਰਾਜਸ਼ਾਹੀ' ਹੈ। ਕੀ ਮੋਦੀ ਜੀ ਦੇਸ਼ ਦੇ ਇਸ ਲੜਖੜਾਉਂਦੇ ਅਤੇ ਅਧਮੋਏ ਹੋ ਚੁੱਕੇ ਲੋਕਤੰਤਰ ਤੋਂ ਅਣਜਾਣ ਹਨ? ਉਹ ਭਾਵੇਂ ਵਿਦੇਸ਼ੀ ਮੰਚਾਂ 'ਤੇ ਜਾ ਕੇ ਭਾਰਤ ਨੂੰ 'ਲੋਕਤੰਤਰ ਦੀ ਜਨਨੀ' ਕਹਿਣ ਅਤੇ ਦੇਸ਼ ਦੀਆਂ ਰੈਲੀਆਂ ਵਿੱਚ ਲੱਖਾਂ ਪ੍ਰਾਪਤੀਆਂ ਦੇ ਦਾਅਵੇ ਕਰਨ, ਪਰ ਜਦੋਂ ਦੇਸ਼ ਦੀ ਅਸਲ ਸਥਿਤੀ, ਬੇਰੁਜ਼ਗਾਰੀ, ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਅਤੇ ਡਿੱਗਦੀ ਆਰਥਿਕਤਾ 'ਤੇ ਤਿੱਖੇ ਸਵਾਲ ਉੱਠਦੇ ਹਨ, ਤਾਂ ਉਹ ਜਨਤਾ ਅਤੇ ਸੁਤੰਤਰ ਪੱਤਰਕਾਰਾਂ ਦੇ ਸਾਹਮਣੇ ਇੱਕ ਵੀ ਖੁੱਲ੍ਹੀ ਪ੍ਰੈੱਸ ਕਾਨਫਰੰਸ ਕਰਨ ਤੋਂ ਕੰਨੀ ਕਤਰਾਉਂਦੇ ਹਨ। ਦੇਸ਼ ਦਾ ਪੜ੍ਹਿਆ-ਲਿਖਿਆ ਨੌਜਵਾਨ ਅੱਜ ਡਿਗਰੀਆਂ ਹੱਥਾਂ ਵਿੱਚ ਲੈ ਕੇ ਨੌਕਰੀਆਂ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪਰੇਸ਼ਾਨ ਹੈ। ਆਪਣੀ ਇਸੇ ਮਜਬੂਰੀ, ਨਿਰਾਸ਼ਾ ਅਤੇ ਸਿਸਟਮ ਖ਼ਿਲਾਫ਼ ਗੁੱਸੇ ਨੂੰ ਪ੍ਰਗਟ ਕਰਨ ਲਈ ਨੌਜਵਾਨਾਂ ਨੇ ਹੁਣ 'ਕਾਕਰੋਚ ਪਾਰਟੀ' ਵਰਗੇ ਅਨੋਖੇ ਅਤੇ ਵਿਅੰਗਆਤਮਕ ਤਰੀਕੇ ਅਪਣਾ ਕੇ ਮੋਦੀ ਸਿਸਟਮ 'ਤੇ ਚੋਟ ਕਰਨੀ ਸ਼ੁਰੂ ਕਰ ਦਿੱਤੀ ਹੈ। ਇਹ ਨੌਜਵਾਨਾਂ ਦੀ ਮਜਬੂਰੀ ਦੀ ਚੀਕ ਹੈ, ਉਨ੍ਹਾਂ ਦੇ ਸੁਪਨਿਆਂ ਦੇ ਟੁੱਟਣ ਦਾ ਆਵਾਜ਼ ਹੈ ਅਤੇ ਹਾਕਮਾਂ ਲਈ ਇੱਕ ਬਹੁਤ ਵੱਡੀ ਚੇਤਾਵਨੀ ਹੈ। ਜਸ਼ਨਾਂ ਵਿੱਚ ਡੁੱਬੇ ਅਤੇ ਹੰਕਾਰ ਦੇ ਨਸ਼ੇ ਵਿੱਚ ਅੰਨ੍ਹੇ ਹੋ ਚੁੱਕੇ ਸ਼ਾਸਕਾਂ ਨੂੰ ਇਹ ਗੱਲ ਚੇਤੇ ਰੱਖਣੀ ਪਵੇਗੀ ਕਿ ਜਨਤਾ ਅੱਤ ਦੀ ਤਾਨਾਸ਼ਾਹੀ, ਜ਼ੁਲਮ ਅਤੇ ਹੰਕਾਰ ਨੂੰ ਕਦੇ ਲੰਬੇ ਸਮੇਂ ਤੱਕ ਬਰਦਾਸ਼ਤ ਨਹੀਂ ਕਰਦੀ। ਭਾਰਤੀ ਵੋਟਰ ਸ਼ਾਂਤ ਰਹਿ ਕੇ ਸਭ ਦੇਖਦਾ ਹੈ, ਪਰ ਜਦੋਂ ਉਹ ਬਦਲਾਅ ਦੀ ਕਰਵਟ ਲੈਂਦਾ ਹੈ, ਤਾਂ ਵੱਡੇ-ਵੱਡੇ ਸੂਰਮਿਆਂ ਦਾ ਹੰਕਾਰ ਅਤੇ ਉਨ੍ਹਾਂ ਦੇ ਤਖ਼ਤ-ਓ-ਤਾਜ ਮਿੱਟੀ ਵਿੱਚ ਮਿਲ ਜਾਂਦੇ ਹਨ। ਇਤਿਹਾਸ ਗਵਾਹ ਹੈ ਕਿ ਹੰਕਾਰ ਭਾਵੇਂ ਰਾਵਣ ਦਾ ਹੋਵੇ ਜਾਂ ਹਿਟਲਰ ਦਾ, ਉਹ ਕਦੇ ਸਲਾਮਤ ਨਹੀਂ ਰਿਹਾ। ਸ਼ਾਇਦ ਇਸੇ ਲਈ, ਮੋਦੀ ਜੀ ਅਤੇ ਉਨ੍ਹਾਂ ਦੇ ਅੰਨ੍ਹੇ ਭਗਤਾਂ ਨੂੰ ਸੱਤਾ ਦੇ ਨਸ਼ੇ ਵਿੱਚੋਂ ਬਾਹਰ ਕੱਢਣ ਅਤੇ ਆਈਨਾ ਦਿਖਾਉਣ ਲਈ ਕਿਸੇ ਨੇ ਇਹ ਪ੍ਰਸਿੱਧ ਸ਼ੇਅਰ ਯਾਦ ਕਰਵਾਇਆ ਹੈ:

**ਤੁਮ ਸੇ ਪਹਿਲੇ ਵੋ ਜੋ ਏਕ ਸ਼ਖ਼ਸ**
**ਯਹਾਂ ਤਖ਼ਤ ਨਸ਼ੀਂ ਥਾ,**
**ਉਸ ਕੋ ਭੀ ਅਪਨੇ**
**ਖ਼ੁਦਾ ਹੋਨੇ ਕਾ ਇਤਨਾ ਹੀ ਯਕੀਂ ਥਾ।**



ਗੁਰਮੀਤ ਸਿੰਘ ਪਲਾਹੀ

ਪਿਛਲੇ ਦਿਨੀਂ ਕੇਂਦਰ ਦੀ ਸੱਤਾ 'ਤੇ ਕਾਬਜ਼ ਨਰਿੰਦਰ ਮੋਦੀ ਸਰਕਾਰ ਦੇ 12 ਸਾਲ ਪੂਰੇ ਹੋਣ 'ਤੇ ਦੇਸ਼ ਭਰ ਵਿੱਚ ਮੋਦੀ ਭਗਤਾਂ, ਕਾਰਪੋਰੇਟ ਘਰਾਣਿਆਂ ਅਤੇ ਸਰਕਾਰੀ ਖ਼ੁਸ਼ਾਮਦੀਆਂ ਵੱਲੋਂ ਬੜੀ ਧੂਮ-ਧਾਮ ਨਾਲ ਜਸ਼ਨ ਮਨਾਏ ਗਏ। ਇਸ ਦੌਰਾਨ ਪ੍ਰਧਾਨ ਮੰਤਰੀ ਦੀਆਂ ਪ੍ਰਾਪਤੀਆਂ ਦੇ ਸੋਹਲੇ ਗਾਏ ਗਏ ਅਤੇ ਉਨ੍ਹਾਂ ਨੂੰ ਅਜੋਕੇ ਭਾਰਤ ਦਾ ਮਸੀਹਾ ਬਣਾ ਕੇ ਪੇਸ਼ ਕੀਤਾ ਗਿਆ। ਚਾਪਲੂਸੀ ਅਤੇ ਖ਼ੁਸ਼ਾਮਦ ਦਾ ਇਹ ਆਲਮ ਦੇਖ ਕੇ ਸਿਆਸੀ ਮਾਹਰਾਂ ਨੂੰ ਵੀ ਹੈਰਾਨੀ ਹੋਈ, ਕਿਉਂਕਿ ਅਜਿਹੀ ਪੂਜਾ ਅਤੇ ਜਸ਼ਨ ਤਾਂ ਭਾਰਤੀ ਇਤਿਹਾਸ ਵਿੱਚ ਆਪਣੇ ਲੰਬੇ ਕਾਰਜਕਾਲ ਦੌਰਾਨ ਲੋਕਤੰਤਰ ਨੂੰ ਛਿੱਕੇ ਟੰਗ ਕੇ ਐਮਰਜੈਂਸੀ (ਆਪਾਤਕਾਲ) ਲਗਾਉਣ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਵੀ ਨਹੀਂ ਕਰਵਾਏ ਸਨ। ਜਦੋਂ ਸੱਤਾ ਦੇ ਗਲਿਆਰਿਆਂ ਵਿੱਚ ਹਾਕਮਾਂ ਦੀ ਆਰਤੀ ਉਤਾਰੀ ਜਾਣ ਲੱਗੇ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਸਿਹਤ ਠੀਕ ਨਹੀਂ ਹੈ।

ਮੋ. 9815802070

# ਜਦੋਂ ਅਸੀਂ ਗਲਤ ਨੂੰ ਆਮ ਗੱਲਾਂ ਮੰਨਣ ਲੱਗ ਜਾਂਦੇ ਹਾਂ

ਜ਼ਿਕਰ ਪੰਜਾਬ

ਕਿਸੇ ਵੀ ਸਮਾਜ ਦਾ ਪਤਨ ਇੱਕ ਦਿਨ ਵਿੱਚ ਨਹੀਂ ਹੁੰਦਾ। ਇਹ ਉਸ ਵੇਲੇ ਸ਼ੁਰੂ ਹੁੰਦਾ ਹੈ ਜਦੋਂ ਲੋਕ ਗਲਤ ਨੂੰ ਗਲਤ ਕਹਿਣਾ ਛੱਡ ਦਿੰਦੇ ਹਨ, ਨਾਇਨਸਾਫੀ ਨੂੰ ਕਿਸਮਤ ਮੰਨ ਲੈਂਦੇ ਹਨ ਅਤੇ ਹਰ ਨਾਕਾਮੀ ਨੂੰ ਇਹ ਕਹਿ ਕੇ ਟਾਲ ਦਿੰਦੇ ਹਨ ਕਿ ਇੱਥੇ ਤਾਂ ਇੰਝ ਹੀ ਹੁੰਦਾ ਹੈ। ਇਹ ਸਿਰਫ਼ ਇੱਕ ਵਾਕ ਨਹੀਂ, ਸਗੋਂ ਇੱਕ ਅਜਿਹੀ ਮਨੋਵਿਰਤੀ ਹੈ ਜੋ ਸਮਾਜ ਦੀ ਜ਼ਮੀਰ ਨੂੰ ਹੌਲੀ-ਹੌਲੀ ਸੁੰਨ ਕਰ ਦਿੰਦੀ ਹੈ। ਜਦੋਂ ਬੁਰਾਈਆਂ ਪ੍ਰਤੀ ਵਿਰੋਧ ਖ਼ਤਮ ਹੋਣ ਲੱਗੇ ਅਤੇ ਬੇਨਿਯਮੀਆਂ ਨੂੰ ਆਮ ਸਮਝ ਲਿਆ ਜਾਵੇ, ਤਾਂ ਸਮੱਸਿਆ ਸਿਰਫ਼ ਪ੍ਰਣਾਲੀ ਵਿੱਚ ਨਹੀਂ ਰਹਿੰਦੀ, ਉਹ ਸਮਾਜ ਦੀ ਸੋਚ ਦਾ ਹਿੱਸਾ ਬਣ ਜਾਂਦੀ ਹੈ।

ਭਾਰਤ ਅੱਜ ਦੁਨੀਆ ਦੀਆਂ ਸਭ ਤੋਂ ਤੇਜ਼ੀ ਨਾਲ ਅੱਗੇ ਵਧ ਰਹੀਆਂ ਅਰਥਵਿਵਸਥਾਵਾਂ ਵਿੱਚੋਂ ਇੱਕ ਹੈ। ਪੁਲਾੜ ਖੋਜ, ਡਿਜ਼ੀਟਲ ਤਕਨਾਲੋਜੀ, ਸੂਚਨਾ ਤਕਨਾਲੋਜੀ, ਸਿਹਤ ਸੇਵਾਵਾਂ, ਉਦਯੋਗ, ਖੇਤੀਬਾੜੀ ਖੇਤਰ ਵਿੱਚ ਦੇਸ਼ ਨੇ ਮਹੱਤਵਪੂਰਨ ਉਪਲਬਧੀਆਂ ਹਾਸਲ ਕੀਤੀਆਂ ਹਨ। ਭਾਰਤੀ ਵਿਗਿਆਨੀਆਂ, ਕਿਸਾਨਾਂ, ਉਦਮੀਆਂ, ਅਧਿਆਪਕਾਂ, ਮਜ਼ਦੂਰਾਂ ਅਤੇ ਲੱਖਾਂ ਕਰਮਚਾਰੀਆਂ ਦੀ ਮਿਹਨਤ ਨੇ ਦੇਸ਼ ਨੂੰ ਵਿਸ਼ਵ ਪੱਧਰ 'ਤੇ ਨਵੀਂ ਪਛਾਣ ਦਿੱਤੀ ਹੈ। ਇਹ ਤਸਵੀਰ ਪ੍ਰੇਰਣਾਦਾਇਕ ਹੈ, ਪਰ ਇਸ ਦਾ ਇੱਕ ਦੂਜਾ ਪੱਖ ਵੀ ਹੈ। ਕੁਝ ਅਜਿਹੀਆਂ ਸਮੱਸਿਆਵਾਂ ਹਨ ਜੋ ਹਰ ਸਾਲ, ਹਰ ਸਰਕਾਰ ਅਤੇ ਹਰ ਦੌਰ ਵਿੱਚ ਸਾਡੇ ਸਾਹਮਣੇ ਦੁਬਾਰਾ ਖੜ੍ਹੀਆਂ ਹੋ ਜਾਂਦੀਆਂ ਹਨ। ਹੈਰਾਨੀ ਇਸ ਗੱਲ ਦੀ ਨਹੀਂ ਕਿ ਇਹ ਸਮੱਸਿਆਵਾਂ ਮੌਜੂਦ ਹਨ; ਹੈਰਾਨੀ ਇਸ ਗੱਲ ਦੀ ਹੈ ਕਿ ਅਸੀਂ ਉਨ੍ਹਾਂ ਨਾਲ ਜਿਉਣਾ ਸਿੱਖ ਲਿਆ ਹੈ।

ਅੱਜ ਸਭ ਤੋਂ ਵੱਡਾ ਸੰਕਟ ਸਿਰਫ਼ ਭ੍ਰਿਸ਼ਟਾਚਾਰ, ਲਾਪਰਵਾਹੀ ਜਾਂ ਪ੍ਰਸ਼ਾਸਨਿਕ ਕਮਜ਼ੋਰੀ ਨਹੀਂ, ਸਗੋਂ ਸੰਵੇਦਨਹੀਣਤਾ ਹੈ। ਕੋਈ ਘਟਨਾ ਵਾਪਰਦੀ ਹੈ, ਕੁਝ ਦਿਨ ਚਰਚਾ ਹੁੰਦੀ ਹੈ, ਸੋਸ਼ਲ ਮੀਡੀਆ 'ਤੇ ਪ੍ਰਤੀਕਿਰਿਆਵਾਂ ਆਉਂਦੀਆਂ ਹਨ, ਜਾਂਚ ਦੇ ਐਲਾਨ ਹੁੰਦੇ ਹਨ ਅਤੇ ਫਿਰ ਸਭ ਕੁਝ ਪਹਿਲਾਂ ਵਾਂਗ ਚੱਲਣ ਲੱਗ ਪੈਂਦਾ ਹੈ। ਜਦੋਂ ਸਮਾਜ ਵਾਰ-ਵਾਰ ਨਾਕਾਮੀਆਂ ਦਾ ਆਦੀ ਹੋ ਜਾਂਦਾ ਹੈ, ਤਾਂ ਸੁਧਾਰ ਦੀ ਇੱਛਾ ਵੀ ਕਮਜ਼ੋਰ ਪੈ ਜਾਂਦੀ ਹੈ। ਇਹੀ ਮਨੋਵਿਰਤੀ ਕਿਸੇ ਵੀ ਵਿਕਾਸਸ਼ੀਲ ਸਮਾਜ ਲਈ ਸਭ ਤੋਂ ਵੱਡਾ ਖ਼ਤਰਾ ਹੈ।

ਇਸ ਦੀ ਇੱਕ ਸਪੱਸ਼ਟ ਉਦਾਹਰਨ ਹਰ ਸਾਲ ਆਉਣ ਵਾਲਾ ਮਾਨਸੂਨ ਹੈ। ਮੀਂਹ ਪੈਣਾ ਕੁਦਰਤ ਦਾ ਨਿਯਮ ਹੈ, ਪਰ ਹਰ ਸਾਲ ਸ਼ਹਿਰਾਂ ਦਾ ਡੁੱਬ ਜਾਣਾ ਕੁਦਰਤੀ ਆਫ਼ਤ ਨਹੀਂ, ਸਗੋਂ ਯੋਜਨਾਬੰਦੀ ਦੀ ਕਮੀ ਦਾ ਨਤੀਜਾ ਹੈ। ਸੜਕਾਂ ਪਾਣੀ ਵਿੱਚ ਡੁੱਬ ਜਾਂਦੀਆਂ ਹਨ, ਅੰਡਰਪਾਸ ਝੀਲਾਂ ਬਣ ਜਾਂਦੇ ਹਨ, ਘਰਾਂ ਅਤੇ ਦੁਕਾਨਾਂ ਵਿੱਚ ਪਾਣੀ ਦਾਖ਼ਲ ਹੋ ਜਾਂਦਾ ਹੈ ਅਤੇ ਆਵਾਜਾਈ ਘੰਟਿਆਂ ਲਈ ਠੱਪ ਹੋ ਜਾਂਦੀ ਹੈ। ਕੁਝ ਦਿਨਾਂ ਤੱਕ ਲੋਕ ਨਾਰਾਜ਼ ਹੁੰਦੇ ਹਨ, ਫਿਰ ਸਭ ਕੁਝ ਆਮ ਹੋ ਜਾਂਦਾ ਹੈ। ਸਵਾਲ ਮੀਂਹ 'ਤੇ ਨਹੀਂ, ਸਵਾਲ ਉਸ ਪ੍ਰਬੰਧ 'ਤੇ ਹੈ ਜੋ ਹਰ ਸਾਲ ਇੱਕੋ ਗਲਤੀ ਦੁਹਰਾਉਂਦਾ ਹੈ।



ਮੀਂਹ ਦੇ ਪਾਣੀ ਦੀ ਨਿਕਾਸੀ, ਨਾਲਿਆਂ ਦੀ ਸਮੇਂ ਸਿਰ ਸਫ਼ਾਈ, ਗ਼ੈਰ-ਕਾਨੂੰਨੀ ਕਬਜ਼ਿਆਂ ਦੀ ਰੋਕਥਾਮ, ਵਿਗਿਆਨਕ ਸ਼ਹਿਰੀ ਯੋਜਨਾਬੰਦੀ ਅਤੇ ਨਿਰਮਾਣ ਮਿਆਰਾਂ ਦੀ ਸਖ਼ਤੀ ਨਾਲ ਪਾਲਣਾ—ਇਹ ਸਭ ਕਿਸੇ ਵੀ ਆਧੁਨਿਕ ਸ਼ਹਿਰ ਦੀਆਂ ਬੁਨਿਆਦੀ ਲੋੜਾਂ ਹਨ। ਜੇ ਕਰੋੜਾਂ ਰੁਪਏ ਖਰਚ ਹੋਣ ਦੇ ਬਾਵਜੂਦ ਹਰ ਸਾਲ ਉਹੀ ਹਾਲਾਤ ਬਣਦੇ ਹਨ, ਤਾਂ ਇਹ ਸਿਰਫ਼ ਕੁਦਰਤੀ ਚੁਣੌਤੀ ਨਹੀਂ, ਸਗੋਂ ਜਵਾਬਦੇਹੀ ਦਾ ਸਵਾਲ ਵੀ ਹੈ।

ਸਰਕਾਰੀ ਨਿਰਮਾਣ ਕਾਰਜਾਂ ਦੀ ਗੁਣਵੱਤਾ ਵੀ ਅਕਸਰ ਚਰਚਾ ਦਾ ਵਿਸ਼ਾ ਬਣਦੀ ਹੈ। ਕਈ ਵਾਰ ਨਵੀਆਂ ਸੜਕਾਂ ਕੁਝ ਹੀ ਮਹੀਨਿਆਂ ਵਿੱਚ ਟੁੱਟ ਜਾਂਦੀਆਂ ਹਨ, ਪੁਲਾਂ ਵਿੱਚ ਦਰਾਰਾਂ ਆ ਜਾਂਦੀਆਂ ਹਨ ਜਾਂ ਹੋਰ ਨਿਰਮਾਣ ਸੰਬੰਧੀ ਖਾਮੀਆਂ ਸਾਹਮਣੇ ਆਉਂਦੀਆਂ ਹਨ। ਹਰ ਵਾਰ ਜਾਂਚ ਦੇ ਹੁਕਮ ਜਾਰੀ ਹੁੰਦੇ ਹਨ, ਪਰ ਜੇ ਜਵਾਬਦੇਹੀ ਸਮੇਂ ਸਿਰ ਤੈਅ ਨਾ ਹੋਵੇ ਤਾਂ ਅਜਿਹੀਆਂ ਘਟਨਾਵਾਂ ਦੁਹਰਾਈਆਂ ਜਾਂਦੀਆਂ ਹਨ। ਕਿਸੇ ਵੀ ਪ੍ਰਣਾਲੀ ਵਿੱਚ ਗਲਤੀ ਹੋ ਸਕਦੀ ਹੈ, ਪਰ ਇੱਕੋ ਗਲਤੀ ਦਾ ਵਾਰ-ਵਾਰ ਹੋਣਾ ਇਹ ਦਰਸਾਉਂਦਾ ਹੈ ਕਿ ਸਿੱਖਣ ਅਤੇ ਸੁਧਾਰ ਕਰਨ ਦੀ ਪ੍ਰਕਿਰਿਆ ਕਮਜ਼ੋਰ ਹੈ। ਇਸ ਦਾ ਅਰਥ ਇਹ ਨਹੀਂ ਕਿ ਪੂਰੀ ਪ੍ਰਣਾਲੀ ਹੀ ਨਾਕਾਮ ਹੈ। ਦੇਸ਼ ਵਿੱਚ ਹਜ਼ਾਰਾਂ ਇਮਾਨਦਾਰ ਅਧਿਕਾਰੀ, ਇੰਜੀਨੀਅਰ, ਕਰਮਚਾਰੀ ਅਤੇ ਮਜ਼ਦੂਰ ਆਪਣੀ ਜ਼ਿੰਮੇਵਾਰੀ ਪੂਰੀ ਨਿਸ਼ਠਾ ਨਾਲ ਨਿਭਾ ਰਹੇ ਹਨ ਅਤੇ ਬੇਸ਼ੁਮਾਰ ਪ੍ਰੋਜੈਕਟ ਉੱਚ ਗੁਣਵੱਤਾ ਨਾਲ ਪੂਰੇ ਵੀ ਹੁੰਦੇ ਹਨ। ਇਸ ਲਈ ਆਲੋਚਨਾ ਦਾ ਮਕਸਦ ਪੂਰੇ ਤੰਤਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਨਾ ਨਹੀਂ, ਸਗੋਂ ਜਿੱਥੇ ਕਮੀ ਹੈ ਉੱਥੇ ਸੁਧਾਰ ਦੀ ਮੰਗ ਕਰਨਾ ਹੈ। ਚੰਗੇ ਕੰਮ ਦੀ ਸ਼ਲਾਘਾ ਅਤੇ ਮਾੜੇ ਕੰਮ ਦੀ ਨਿਰਪੱਖ ਸਮੀਖਿਆ—ਦੋਵੇਂ ਇੱਕ ਸਿਹਤਮੰਦ ਲੋਕਤੰਤਰ ਦੀ ਪਛਾਣ ਹਨ।

ਇਸੇ ਤਰ੍ਹਾਂ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਪੇਪਰ ਲੀਕ ਦੀਆਂ ਘਟਨਾਵਾਂ ਨੇ ਲੱਖਾਂ ਨੌਜਵਾਨਾਂ ਦੇ ਮਨ ਵਿੱਚ ਅਸੁਰੱਖਿਆ ਅਤੇ ਨਿਰਾਸ਼ਾ ਪੈਦਾ ਕੀਤੀ ਹੈ। ਕਈ ਵਿਦਿਆਰਥੀ ਸਾਲਾਂ ਤੱਕ ਮਿਹਨਤ ਕਰਦੇ ਹਨ, ਪਰ ਕੁਝ ਲੋਕਾਂ ਦੀ ਬੇਈਮਾਨੀ ਉਨ੍ਹਾਂ ਦੀ ਮਿਹਨਤ ਨੂੰ ਵਿਅਰਥ ਕਰ ਦਿੰਦੀ ਹੈ। ਪ੍ਰੀਖਿਆ ਰੱਦ ਹੋਣ ਨਾਲ ਕਿਸੇ ਦੀ ਉਮਰ ਹੱਦ ਪ੍ਰਭਾਵਿਤ ਹੁੰਦੀ ਹੈ, ਕਿਸੇ ਦਾ ਆਰਥਿਕ ਬੋਝ ਵਧਦਾ ਹੈ ਅਤੇ ਕਿਸੇ ਦਾ ਮਾਨਸਿਕ ਸੰਤੁਲਨ ਡੋਲ ਜਾਂਦਾ ਹੈ। ਇਹ ਸਿਰਫ਼ ਇੱਕ ਪ੍ਰਸ਼ਾਸਨਿਕ ਨਾਕਾਮੀ ਨਹੀਂ, ਸਗੋਂ ਯੋਗਤਾ-ਅਧਾਰਿਤ ਪ੍ਰਣਾਲੀ ਉੱਤੇ ਭਰੋਸੇ ਦੀ ਗੱਲ ਹੈ।

ਇਸ ਦਾ ਹੱਲ ਕੇਵਲ ਦੋਸ਼ੀਆਂ ਦੀ ਗ੍ਰਿਫ਼ਤਾਰੀ ਤੱਕ ਸੀਮਤ ਨਹੀਂ ਹੋਣਾ ਚਾਹੀਦਾ। ਪ੍ਰੀਖਿਆ ਪ੍ਰਣਾਲੀ ਨੂੰ ਤਕਨੀਕੀ ਤੌਰ 'ਤੇ ਹੋਰ ਸੁਰੱਖਿਅਤ ਬਣਾਉਣਾ, ਪਾਰਦਰਸ਼ਤਾ ਵਧਾਉਣਾ, ਸਮੇਂ ਸਿਰ ਜਾਂਚ ਕਰਨਾ ਅਤੇ ਦੋਸ਼ੀਆਂ ਨੂੰ ਜਲਦੀ ਸਜ਼ਾ ਦੇਣਾ ਲਾਜ਼ਮੀ ਹੈ। ਇਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਨੌਜਵਾਨਾਂ ਦੇ ਮਨ ਵਿੱਚ ਇਹ ਭਰੋਸਾ ਬਣਿਆ ਰਹੇ ਕਿ ਉਨ੍ਹਾਂ ਦੀ ਮਿਹਨਤ ਦਾ ਸਹੀ ਮੁੱਲ ਮਿਲੇਗਾ।

ਸੜਕ ਸੁਰੱਖਿਆ ਵੀ ਇੱਕ ਅਜਿਹਾ ਖੇਤਰ ਹੈ ਜਿੱਥੇ ਅਸੀਂ ਕਈ ਵਾਰ ਗਲਤ ਵਿਹਾਰ ਨੂੰ ਆਮ ਸਮਝ ਬੈਠੇ ਹਾਂ। ਤੇਜ਼ ਰਫ਼ਤਾਰ, ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣਾ, ਹੈਲਮੈਟ ਜਾਂ ਸੀਟ ਬੈਲਟ ਦੀ ਅਣਦੇਖੀ, ਲਾਲ ਬੱਤੀ ਲੰਘਣਾ ਅਤੇ ਮੋਬਾਈਲ ਫ਼ੋਨ ਵਰਤਦੇ ਹੋਏ ਡਰਾਈਵਿੰਗ ਕਰਨਾ ਆਮ ਗੱਲ ਨਹੀਂ ਹੋਣੀ ਚਾਹੀਦੀ। ਹਾਦਸਿਆਂ ਵਿੱਚ ਮਰਨ ਵਾਲੇ ਲੋਕ ਸਿਰਫ਼ ਅੰਕੜੇ ਨਹੀਂ ਹੁੰਦੇ; ਉਹ ਕਿਸੇ ਪਰਿਵਾਰ ਦੀ ਦੁਨੀਆ ਹੁੰਦੇ ਹਨ। ਕਾਨੂੰਨ ਦਾ ਸਨਮਾਨ ਸਿਰਫ਼ ਜੁਰਮਾਨੇ ਦੇ ਡਰ ਨਾਲ ਨਹੀਂ, ਸਗੋਂ ਆਪਣੀ ਅਤੇ ਦੂਜਿਆਂ ਦੀ ਸੁਰੱਖਿਆ ਦੀ ਸਮਝ ਨਾਲ ਹੋਣਾ ਚਾਹੀਦਾ ਹੈ।

ਡਿਜ਼ੀਟਲ ਯੁੱਗ ਨੇ ਮੌਕੇ ਵੀ ਦਿੱਤੇ ਹਨ ਅਤੇ ਚੁਣੌਤੀਆਂ ਵੀ। ਕੁਝ ਨੌਜਵਾਨ ਸੋਸ਼ਲ ਮੀਡੀਆ 'ਤੇ ਪ੍ਰਸਿੱਧੀ ਲਈ ਖ਼ਤਰਨਾਕ ਸਟੰਟ ਕਰਦੇ ਹਨ ਜਾਂ ਆਪਣੀ ਅਤੇ ਦੂਜਿਆਂ ਦੀ ਜਾਨ ਨੂੰ ਜੋਖ਼ਮ ਵਿੱਚ ਪਾਉਂਦੇ ਹਨ। ਕੁਝ ਸਕਿੰਟਾਂ ਦੀ ਵਾਇਰਲ ਪ੍ਰਸਿੱਧੀ ਕਿਸੇ ਵੀ ਜ਼ਿੰਦਗੀ ਨਾਲੋਂ ਵੱਡੀ ਨਹੀਂ ਹੋ ਸਕਦੀ। ਇਸ ਲਈ ਪਰਿਵਾਰਾਂ, ਸਕੂਲਾਂ, ਸਮਾਜ ਅਤੇ ਡਿਜ਼ੀਟਲ ਪਲੇਟਫ਼ਾਰਮਾਂ ਦੀ ਸਾਂਝੀ ਜ਼ਿੰਮੇਵਾਰੀ ਹੈ ਕਿ ਨੌਜਵਾਨਾਂ ਵਿੱਚ ਡਿਜ਼ੀਟਲ ਸਾਖਰਤਾ ਅਤੇ ਜ਼ਿੰਮੇਵਾਰ ਵਰਤੋਂ ਦੀ ਭਾਵਨਾ ਪੈਦਾ ਕੀਤੀ ਜਾਵੇ।

ਸਫ਼ਾਈ ਦੇ ਮਾਮਲੇ ਵਿੱਚ ਵੀ ਅਸੀਂ ਅਕਸਰ ਦੋਹਰੇ ਮਾਪਦੰਡ ਅਪਨਾਉਂਦੇ ਹਾਂ। ਆਪਣੇ ਘਰ ਨੂੰ ਸਾਫ਼ ਰੱਖਣ ਵਾਲੇ ਕਈ ਲੋਕ ਜਨਤਕ ਥਾਵਾਂ 'ਤੇ ਕੂੜਾ ਸੁੱਟਣ ਜਾਂ ਗੰਦਗੀ ਫੈਲਾਉਣ ਤੋਂ ਨਹੀਂ ਹਿਚਕਚਾਉਂਦੇ। ਬੱਸ ਅੱਡੇ, ਰੇਲਵੇ ਸਟੇਸ਼ਨ, ਪਾਰਕ, ਬਾਜ਼ਾਰ ਅਤੇ ਸੜਕਾਂ ਸਾਡੀ ਸਾਂਝੀ ਸੰਪਤੀ ਹਨ। ਜੇ ਅਸੀਂ ਉਨ੍ਹਾਂ ਨੂੰ ਆਪਣਾ ਨਹੀਂ ਸਮਝਾਂਗੇ, ਤਾਂ ਕੋਈ ਵੀ ਮੁਹਿੰਮ ਸਥਾਈ ਸਫ਼ਲਤਾ ਨਹੀਂ ਲਿਆ ਸਕਦੀ। ਸਫ਼ਾਈ ਸਿਰਫ਼ ਸਰਕਾਰੀ ਯੋਜਨਾ ਨਹੀਂ, ਸਗੋਂ ਨਾਗਰਿਕ ਸੰਸਕਾਰ ਹੈ।



ਲਾਡੀ ਜਗਤਾਰ ਮਾਨਸਾ

ਇਸੇ ਤਰ੍ਹਾਂ ਲਾਈਨ ਤੋੜ ਕੇ ਆਪ ਅੱਗੇ ਹੋਣ ਦੀ ਕੋਸ਼ਿਸ਼ ਕਰਨੀ, ਬੇਲੋੜਾ ਹਾਰਨ ਵਜਾਉਣਾ, ਜਨਤਕ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਜਾਂ ਨਿਯਮਾਂ ਨੂੰ ਹਲਕੇ ਵਿੱਚ ਲੈਣਾ ਵੀ ਸਿਵਿਕ ਸੈਂਸ ਦੀ ਕਮੀ ਨੂੰ ਦਰਸਾਉਂਦਾ ਹੈ। ਇੱਕ ਚੰਗਾ ਸਮਾਜ ਉਹ ਹੁੰਦਾ ਹੈ ਜਿੱਥੇ ਲੋਕ ਪੁਲਿਸ ਦੇ ਡਰ ਨਾਲ ਨਹੀਂ, ਸਗੋਂ ਆਪਣੀ ਜ਼ਿੰਮੇਵਾਰੀ ਸਮਝ ਕੇ ਨਿਯਮਾਂ ਦੀ ਪਾਲਣਾ ਕਰਦੇ ਹਨ।

ਨਸ਼ਿਆਂ ਦਾ ਫੈਲਾਅ ਅੱਜ ਸਮਾਜ ਲਈ ਇੱਕ ਗੰਭੀਰ ਚੁਣੌਤੀ ਹੈ। ਇਹ ਸਿਰਫ਼ ਇੱਕ ਵਿਅਕਤੀ ਦੀ ਸਿਹਤ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਦੀ ਆਰਥਿਕ, ਸਮਾਜਿਕ ਅਤੇ ਮਾਨਸਿਕ ਸਥਿਤੀ ਨੂੰ ਪ੍ਰਭਾਵਿਤ ਕਰਦਾ ਹੈ। ਇਸ ਦਾ ਹੱਲ ਸਿਰਫ਼ ਕਾਨੂੰਨੀ ਕਾਰਵਾਈ ਨਹੀਂ, ਸਗੋਂ ਚੰਗੀ ਸਿੱਖਿਆ, ਰੋਜ਼ਗਾਰ ਦੇ ਮੌਕੇ, ਖੇਡਾਂ ਨੂੰ ਉਤਸ਼ਾਹ, ਮਾਨਸਿਕ ਸਿਹਤ ਸੇਵਾਵਾਂ, ਨਸ਼ਾ-ਮੁਕਤੀ ਕੇਂਦਰਾਂ ਦੀ ਮਜ਼ਬੂਤੀ ਅਤੇ ਸਮਾਜਿਕ ਜਾਗਰੂਕਤਾ ਵਿੱਚ ਹੈ।

ਲੋਕਤੰਤਰ ਦੀ ਅਸਲ ਤਾਕਤ ਉਸ ਦੇ ਜਾਗਰੂਕ ਲੋਕਾਂ ਵਿੱਚ ਹੁੰਦੀ ਹੈ। ਜਦੋਂ ਲੋਕ ਸਵਾਲ ਪੁੱਛਣੇ ਛੱਡ ਦਿੰਦੇ ਹਨ, ਉਦੋਂ ਸੰਸਥਾਵਾਂ ਵੀ ਕਮਜ਼ੋਰ ਹੋਣ ਲੱਗਦੀਆਂ ਹਨ। ਸਰਕਾਰ ਕੋਈ ਵੀ ਹੋਵੇ, ਜਨਤਕ ਧਨ ਦੀ ਵਰਤੋਂ, ਨੀਤੀਆਂ ਦੀ ਪ੍ਰਭਾਵਸ਼ੀਲਤਾ ਅਤੇ ਵਿਕਾਸ ਕਾਰਜਾਂ ਦੀ ਗੁਣਵੱਤਾ ਬਾਰੇ ਸਵਾਲ ਪੁੱਛਣਾ ਹਰ ਨਾਗਰਿਕ ਦਾ ਸੰਵਿਧਾਨਕ ਹੱਕ ਹੈ। ਜ਼ਿੰਮੇਵਾਰ ਆਲੋਚਨਾ ਲੋਕਤੰਤਰ ਨੂੰ ਕਮਜ਼ੋਰ ਨਹੀਂ, ਸਗੋਂ ਮਜ਼ਬੂਤ ਬਣਾਉਂਦੀ ਹੈ।

ਇਸ ਦੇ ਨਾਲ ਹੀ ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਦੇਸ਼ ਦੀ ਤਸਵੀਰ ਸਿਰਫ਼ ਸਮੱਸਿਆਵਾਂ ਨਾਲ ਨਹੀਂ ਬਣਦੀ। ਭਾਰਤ ਦੀ ਤਾਕਤ ਉਸ ਦੇ ਕਰੋੜਾਂ ਇਮਾਨਦਾਰ ਨਾਗਰਿਕ ਹਨ ਅਧਿਆਪਕ, ਡਾਕਟਰ, ਨਰਸਾਂ, ਕਿਸਾਨ, ਵਿਗਿਆਨੀ, ਪੁਲਿਸ ਕਰਮਚਾਰੀ, ਸੈਨਿਕ, ਮਜ਼ਦੂਰ ਅਤੇ ਉਦਮੀ ਜੋ ਹਰ ਰੋਜ਼ ਆਪਣਾ ਫ਼ਰਜ਼ ਨਿਭਾ ਰਹੇ ਹਨ। ਉਨ੍ਹਾਂ ਦੀ ਮਿਹਨਤ ਹੀ ਦੇਸ਼ ਨੂੰ ਅੱਗੇ ਵਧਾ ਰਹੀ ਹੈ। ਇਸ ਲਈ ਸਮੱਸਿਆਵਾਂ ਦੀ ਗੱਲ ਕਰਨਾ ਨਿਰਾਸ਼ਾਵਾਦ ਨਹੀਂ, ਸਗੋਂ ਉਨ੍ਹਾਂ ਨੂੰ ਦੂਰ ਕਰਨ ਦੀ ਇੱਛਾ ਦਾ ਪ੍ਰਗਟਾਵਾ ਹੈ।

ਸਿੱਖਿਆ ਪ੍ਰਣਾਲੀ ਦੀ ਭੂਮਿਕਾ ਵੀ ਇੱਥੇ ਬਹੁਤ ਮਹੱਤਵਪੂਰਨ ਹੈ। ਸਿੱਖਿਆ ਦਾ ਮਕਸਦ ਸਿਰਫ਼ ਨੌਕਰੀ ਦਿਵਾਉਣਾ ਨਹੀਂ, ਸਗੋਂ ਜ਼ਿੰਮੇਵਾਰ ਨਾਗਰਿਕ ਤਿਆਰ ਕਰਨਾ ਵੀ ਹੈ। ਸਕੂਲਾਂ ਵਿੱਚ ਨੈਤਿਕ ਸਿੱਖਿਆ, ਸੰਵਿਧਾਨਕ ਮੁੱਲਾਂ, ਸੜਕ ਸੁਰੱਖਿਆ, ਡਿਜ਼ੀਟਲ ਸਾਖਰਤਾ, ਵਾਤਾਵਰਨ ਪ੍ਰਤੀ ਜ਼ਿੰਮੇਵਾਰੀ ਅਤੇ ਸਿਵਿਕ ਸੈਂਸ ਨੂੰ ਵਿਹਾਰਕ ਢੰਗ ਨਾਲ ਸਿਖਾਉਣ ਦੀ ਲੋੜ ਹੈ। ਬੱਚੇ ਸਿਰਫ਼ ਕਿਤਾਬਾਂ ਤੋਂ ਨਹੀਂ, ਸਗੋਂ ਆਪਣੇ ਆਲੇ-ਦੁਆਲੇ ਦੇ ਵਿਹਾਰ ਤੋਂ ਵੀ ਸਿੱਖਦੇ ਹਨ।

ਮੀਡੀਆ ਅਤੇ ਸੋਸ਼ਲ ਮੀਡੀਆ ਦੀ ਭੂਮਿਕਾ ਵੀ ਉਤਨੀ ਹੀ ਮਹੱਤਵਪੂਰਨ ਹੈ। ਜੇ ਧਿਆਨ ਸਿਰਫ਼ ਸਨਸਨੀ 'ਤੇ ਰਹੇਗਾ, ਤਾਂ ਸਮਾਜ ਨੂੰ ਲੰਬੇ ਸਮੇਂ ਦਾ ਲਾਭ ਨਹੀਂ ਮਿਲੇਗਾ। ਲੋੜ ਇਸ ਗੱਲ ਦੀ ਹੈ ਕਿ ਸਮੱਸਿਆਵਾਂ ਦੇ ਨਾਲ-ਨਾਲ ਉਨ੍ਹਾਂ ਦੇ ਕਾਰਨਾਂ, ਪ੍ਰਭਾਵਾਂ ਅਤੇ ਹੱਲਾਂ 'ਤੇ ਵੀ ਗੰਭੀਰ ਚਰਚਾ ਹੋਵੇ। ਇਸੇ ਤਰ੍ਹਾਂ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ ਕਿ ਉਹ ਅਫ਼ਵਾਹਾਂ ਅਤੇ ਗ਼ਲਤ ਜਾਣਕਾਰੀ ਫੈਲਾਉਣ ਦੀ ਬਜਾਏ ਸੱਚਾਈ ਅਤੇ ਸੰਤੁਲਨ ਨੂੰ ਮਹੱਤਵ ਦੇਵੇ।

ਬਦਲਾਅ ਦੀ ਸ਼ੁਰੂਆਤ ਹਮੇਸ਼ਾ ਆਪਣੇ ਆਪ ਤੋਂ ਹੁੰਦੀ ਹੈ। ਜੇ ਅਸੀਂ ਰਿਸ਼ਵਤ ਦੇਣ ਤੋਂ ਇਨਕਾਰ ਕਰੀਏ, ਟ੍ਰੈਫ਼ਿਕ ਨਿਯਮਾਂ ਦੀ ਪਾਲਣਾ ਕਰੀਏ, ਜਨਤਕ ਥਾਵਾਂ ਨੂੰ ਸਾਫ਼ ਰੱਖੀਏ, ਨਸ਼ਿਆਂ ਤੋਂ ਦੂਰ ਰਹੀਏ ਅਤੇ ਗਲਤ ਕੰਮ ਦਾ ਸ਼ਾਂਤੀਪੂਰਨ ਤੇ ਲੋਕਤੰਤਰੀ ਢੰਗ ਨਾਲ ਵਿਰੋਧ ਕਰੀਏ, ਤਾਂ ਇਹ ਛੋਟੇ-ਛੋਟੇ ਕਦਮ ਮਿਲ ਕੇ ਵੱਡਾ ਬਦਲਾਅ ਲਿਆ ਸਕਦੇ ਹਨ। ਸਮਾਜ ਦਾ ਚਰਿੱਤਰ ਕਿਸੇ ਇੱਕ ਵੱਡੇ ਫ਼ੈਸਲੇ ਨਾਲ ਨਹੀਂ, ਸਗੋਂ ਕਰੋੜਾਂ ਨਾਗਰਿਕਾਂ ਦੇ ਰੋਜ਼ਾਨਾ ਦੇ ਵਿਹਾਰ ਨਾਲ ਬਣਦਾ ਹੈ।

ਅਸੀਂ ਅਕਸਰ ਕਹਿੰਦੇ ਹਾਂ ਕਿ ਇੱਕ ਵਿਅਕਤੀ ਨਾਲ ਕੀ ਫ਼ਰਕ ਪੈਣਾ ਹੈ। ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਹਰ ਵੱਡੇ ਸਮਾਜਿਕ ਬਦਲਾਅ ਦੀ ਸ਼ੁਰੂਆਤ ਕੁਝ ਕੁ ਜਾਗਰੂਕ ਲੋਕਾਂ ਤੋਂ ਹੀ ਹੋਈ ਹੈ। ਇਸ ਲਈ ਕਿਸੇ ਵੀ ਨਾਗਰਿਕ ਨੂੰ ਆਪਣੀ ਭੂਮਿਕਾ ਨੂੰ ਛੋਟਾ ਨਹੀਂ ਸਮਝਣਾ ਚਾਹੀਦਾ। ਅੱਜ ਲੋੜ ਸਿਰਫ਼ ਸਮੱਸਿਆਵਾਂ ਦੀ ਸੂਚੀ ਬਣਾਉਣ ਦੀ ਨਹੀਂ, ਸਗੋਂ ਇਹ ਫ਼ੈਸਲਾ ਕਰਨ ਦੀ ਹੈ ਕਿ ਕੀ ਅਸੀਂ ਉਨ੍ਹਾਂ ਨੂੰ ਆਪਣੀ ਕਿਸਮਤ ਮੰਨ ਕੇ ਜੀਣਾ ਚਾਹੁੰਦੇ ਹਾਂ ਜਾਂ ਉਨ੍ਹਾਂ ਨੂੰ ਬਦਲਣ ਲਈ ਆਪਣਾ ਯੋਗਦਾਨ ਦੇਣਾ ਚਾਹੁੰਦੇ ਹਾਂ। ਕਿਸੇ ਵੀ ਰਾਸ਼ਟਰ ਦੀ ਮਹਾਨਤਾ ਸਿਰਫ਼ ਉਸ ਦੀ ਆਰਥਿਕ ਤਰੱਕੀ ਵਿੱਚ ਨਹੀਂ, ਸਗੋਂ ਉਸ ਦੇ ਨਾਗਰਿਕਾਂ ਦੀ ਇਮਾਨਦਾਰੀ, ਅਨੁਸ਼ਾਸਨ, ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰੀ ਵਿੱਚ ਹੁੰਦੀ ਹੈ।

ਜੇ ਅਸੀਂ ਹਰ ਨਾਕਾਮੀ ਨੂੰ 'ਚਲਦਾ ਹੈ' ਕਹਿ ਕੇ ਟਾਲਦੇ ਰਹੇ, ਤਾਂ ਇਹੀ ਮਨੋਵਿਰਤੀ ਸਾਡੇ ਵਿਕਾਸ ਦੀ ਸਭ ਤੋਂ ਵੱਡੀ ਰੁਕਾਵਟ ਬਣੇਗੀ। ਪਰ ਜੇ ਅਸੀਂ ਸਵਾਲ ਪੁੱਛਣ ਦਾ ਹੌਸਲਾ, ਆਪਣੀ ਜ਼ਿੰਮੇਵਾਰੀ ਨਿਭਾਉਣ ਦਾ ਸੰਕਲਪ ਅਤੇ ਗਲਤ ਨੂੰ ਗਲਤ ਕਹਿਣ ਦੀ ਹਿੰਮਤ ਇਕੱਠੀ ਕਰ ਲਈ, ਤਾਂ ਕੋਈ ਕਾਰਨ ਨਹੀਂ ਕਿ ਭਾਰਤ ਹੋਰ ਜ਼ਿੰਮੇਵਾਰ, ਅਨੁਸ਼ਾਸਿਤ ਅਤੇ ਨਿਆਂਪੂਰਨ ਸਮਾਜ ਵਜੋਂ ਦੁਨੀਆ ਸਾਹਮਣੇ ਇੱਕ ਮਿਸਾਲ ਬਣੇ।

ਸਮਾਜ ਉਦੋਂ ਨਹੀਂ ਬਦਲਦਾ ਜਦੋਂ ਸਿਰਫ਼ ਕਾਨੂੰਨ ਬਦਲਦੇ ਹਨ; ਸਮਾਜ ਉਦੋਂ ਬਦਲਦਾ ਹੈ ਜਦੋਂ ਲੋਕ ਆਪਣੀ ਸੋਚ ਬਦਲਦੇ ਹਨ। ਚਲਦਾ ਹੈ ਦੀ ਥਾਂ ਬਦਲਣਾ ਹੀ ਪਵੇਗਾ ਦੀ ਸੋਚ ਨੂੰ ਅਪਨਾਉਣਾ ਹੀ ਇੱਕ ਜਾਗਰੂਕ, ਮਜ਼ਬੂਤ ਅਤੇ ਜ਼ਿੰਮੇਵਾਰ ਭਾਰਤ ਦੀ ਅਸਲ ਨੀਂਹ ਹੈ।

ਮੋ. 9463603091

# ਬਦਲਦੇ ਯੁੱਗ ਵਿੱਚ ਹੁਨਰ ਹੀ ਨੌਜਵਾਨਾਂ ਦੀ ਸਭ ਤੋਂ ਵੱਡੀ ਤਾਕਤ

ਜ਼ਿਕਰ ਪੰਜਾਬ

ਹਰ ਸਾਲ 15 ਜੁਲਾਈ ਨੂੰ 'ਵਿਸ਼ਵ ਨੌਜਵਾਨ ਹੁਨਰ ਦਿਵਸ' ਮਨਾਇਆ ਜਾਂਦਾ ਹੈ। ਇਸ ਦਿਨ ਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਅਜਿਹੇ ਹੁਨਰਾਂ ਪ੍ਰਤੀ ਜਾਗਰੂਕ ਕਰਨਾ ਹੈ ਜੋ ਉਨ੍ਹਾਂ ਨੂੰ ਰੁਜ਼ਗਾਰ, ਸਵੈ-ਰੁਜ਼ਗਾਰ ਅਤੇ ਸਮਾਜਿਕ ਵਿਕਾਸ ਦੇ ਯੋਗ ਬਣਾ ਸਕਣ। ਸੰਯੁਕਤ ਰਾਸ਼ਟਰ ਮਹਾਸਭਾ ਨੇ ਸਾਲ 2014 ਵਿੱਚ ਇਸ ਦਿਵਸ ਦੀ ਸ਼ੁਰੂਆਤ ਕੀਤੀ ਸੀ ਤਾਂ ਜੋ ਦੁਨੀਆ ਭਰ ਦੇ ਨੌਜਵਾਨਾਂ ਨੂੰ ਤਕਨੀਕੀ ਅਤੇ ਕਿੱਤਾ ਮੁਖੀ ਸਿੱਖਿਆ ਦੇ ਮਹੱਤਵ ਨਾਲ ਜੋੜਿਆ ਜਾ ਸਕੇ। ਅੱਜ, ਜਦੋਂ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ, ਇਹ ਦਿਵਸ ਪਹਿਲਾਂ ਨਾਲੋਂ ਵੀ ਵੱਧ ਪ੍ਰਸੰਗਿਕ ਹੋ ਗਿਆ ਹੈ। ਭਾਰਤ ਦੁਨੀਆ ਦੇ ਸਭ ਤੋਂ ਨੌਜਵਾਨ ਦੇਸ਼ਾਂ ਵਿੱਚੋਂ ਇੱਕ ਹੈ, ਜਿੱਥੇ ਆਬਾਦੀ ਦਾ ਇੱਕ ਵੱਡਾ ਹਿੱਸਾ ਨੌਜਵਾਨ ਸ਼ਕਤੀ ਦਾ ਹੈ। ਇਹ ਵਿਸ਼ਾਲ ਮਾਨਵ-ਪੂੰਜੀ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ, ਪਰ ਇਹ ਤਾਕਤ ਤਦੋਂ ਹੀ ਦੇਸ਼ ਦੇ ਵਿਕਾਸ ਦਾ ਆਧਾਰ ਬਣ ਸਕਦੀ ਹੈ ਜੇਕਰ ਇਸ ਨੂੰ ਸਹੀ ਦਿਸ਼ਾ, ਮਿਆਰੀ ਸਿੱਖਿਆ ਅਤੇ ਸਮੇਂ ਦੇ ਹਿਸਾਬ ਨਾਲ ਲੋੜੀਂਦੇ ਹੁਨਰ ਪ੍ਰਾਪਤ ਹੋਣ। ਇਸ ਦੇ ਉਲਟ, ਜੇਕਰ ਨੌਜਵਾਨਾਂ ਨੂੰ ਹੁਨਰਮੰਦ ਨਾ ਬਣਾਇਆ ਗਿਆ, ਤਾਂ ਇਹੀ ਸ਼ਕਤੀ ਬੇਰੁਜ਼ਗਾਰੀ ਅਤੇ ਨਿਰਾਸ਼ਾ ਦੇ ਰਾਹ ਪੈ ਕੇ ਸਮਾਜ ਲਈ ਇੱਕ ਵੱਡੀ ਚੁਣੌਤੀ ਵੀ ਬਣ ਸਕਦੀ ਹੈ।

**ਸਰਟੀਫਿਕੇਟ ਬਨਾਮ ਅਮਲੀ ਯੋਗਤਾ**

ਲੰਬੇ ਸਮੇਂ ਤੱਕ ਸਾਡੇ ਸਮਾਜ ਵਿੱਚ ਇਹ ਧਾਰਨਾ ਬਣੀ ਰਹੀ ਕਿ ਉੱਚ ਡਿਗਰੀ ਹੀ ਸਫ਼ਲਤਾ ਦੀ ਇੱਕਮਾਤਰ ਕੁੰਜੀ ਹੈ। ਮਾਪਿਆਂ ਅਤੇ ਵਿਦਿਆਰਥੀਆਂ ਦਾ ਧਿਆਨ ਅਕਸਰ ਚੰਗੇ ਅੰਕਾਂ, ਰੱਟਾ-ਪ੍ਰਣਾਲੀ, ਸਰਟੀਫਿਕੇਟਾਂ ਅਤੇ ਵੱਡੀਆਂ ਡਿਗਰੀਆਂ ਪ੍ਰਾਪਤ ਕਰਨ ਤੱਕ ਹੀ ਸੀਮਿਤ ਰਿਹਾ। ਪਰ ਅੱਜ ਦੇ ਆਧੁਨਿਕ ਯੁੱਗ ਵਿੱਚ ਇਹ ਸੋਚ ਤੇਜ਼ੀ ਨਾਲ ਬਦਲ ਰਹੀ ਹੈ। ਡਿਗਰੀ ਸਿਰਫ਼ ਮੀਲ ਦਾ ਇੱਕ ਪੱਥਰ ਹੈ ਜੋ ਰਸਤਾ ਦਿਖਾਉਂਦੀ ਹੈ, ਪਰ ਮੰਜ਼ਿਲ ਤੱਕ ਦਾ ਸਫ਼ਰ ਤੈਅ ਕਰਨ ਲਈ ਹੁਨਰ ਦੇ ਪੈਰਾਂ ਦੀ ਲੋੜ ਹੁੰਦੀ ਹੈ। ਡਿਗਰੀ ਸਿਰਫ਼ ਇੱਕ ਵਾਰ ਇੰਟਰਵਿਊ ਦਾ ਮੌਕਾ ਪ੍ਰਦਾਨ ਕਰ ਸਕਦੀ ਹੈ, ਪਰ ਉਸ ਮੌਕੇ ਨੂੰ ਸਫ਼ਲਤਾ ਵਿੱਚ ਬਦਲਣ ਲਈ ਹੁਨਰ ਦੀ ਲੋੜ ਹੁੰਦੀ ਹੈ। ਅੱਜ ਦੇ ਬਾਜ਼ਾਰ ਨੂੰ ਸਿਰਫ਼ ਡਿਗਰੀ ਧਾਰਕ ਭੀੜ ਨਹੀਂ, ਸਗੋਂ ਪ੍ਰੈਕਟੀਕਲ ਕੰਮ ਕਰਨ ਦੇ ਯੋਗ, ਮੁਸ਼ਕਿਲਾਂ ਦਾ ਹੱਲ ਲੱਭਣ ਵਾਲੇ ਅਤੇ ਨਵੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਣ ਵਾਲੇ ਸੂਝਵਾਨ ਲੋਕਾਂ ਦੀ ਲੋੜ ਹੈ। ਅੱਜ ਬਹੁਤ ਸਾਰੇ ਨੌਜਵਾਨ ਉੱਚ ਸਿੱਖਿਆ ਪ੍ਰਾਪਤ ਕਰਨ ਦੇ ਬਾਵਜੂਦ ਰੁਜ਼ਗਾਰ ਹਾਸਲ ਕਰਨ ਵਿੱਚ ਮੁਸ਼ਕਲ ਮਹਿਸੂਸ ਕਰਦੇ ਹਨ। ਇਸ ਦਾ ਇੱਕ ਵੱਡਾ ਕਾਰਨ ਸਿੱਖਿਆ ਅਤੇ ਰੁਜ਼ਗਾਰ ਬਾਜ਼ਾਰ ਦੀਆਂ ਲੋੜਾਂ ਵਿਚਕਾਰ ਵਧਦਾ ਹੁਨਰ ਦਾ ਪਾੜਾ, ਜਿਸ ਨੂੰ Skill Gap ਦਾ ਨਾਂ ਦਿੱਤਾ ਗਿਆ ਹੈ। ਵੱਖ-ਵੱਖ ਗਲੋਬਲ ਰਿਪੋਰਟਾਂ ਮੁਤਾਬਕ, ਭਾਰਤ ਵਿੱਚ ਹਰ ਸਾਲ



ਲੱਖਾਂ ਨੌਜਵਾਨ ਗ੍ਰੈਜੂਏਟ ਹੁੰਦੇ ਹਨ, ਪਰ ਉਹਨਾਂ ਵਿੱਚੋਂ ਸਿਰਫ਼ 45 ਤੋਂ 50 ਫ਼ੀਸਦੀ ਨੌਜਵਾਨ ਹੀ ਉਦਯੋਗਾਂ ਦੀਆਂ ਲੋੜਾਂ ਮੁਤਾਬਕ ਰੁਜ਼ਗਾਰ ਦੇ ਯੋਗ ਹੋ ਪਾਉਂਦੇ ਹਨ। ਕਈ ਨੌਜਵਾਨਾਂ ਕੋਲ ਡਿਗਰੀਆਂ ਤਾਂ ਹੁੰਦੀਆਂ ਹਨ , ਪਰ ਉਨ੍ਹਾਂ ਕੋਲ ਉਹ ਵਿਹਾਰਕ ਯੋਗਤਾਵਾਂ ਨਹੀਂ ਹੁੰਦੀਆਂ ਜਿਨ੍ਹਾਂ ਦੀ ਮੰਗ ਅਜੋਕਾ ਉਦਯੋਗ, ਵਪਾਰ ਅਤੇ ਸੇਵਾ ਖੇਤਰ ਕਰਦੇ ਹਨ। ਇਸੇ ਲਈ ਅੱਜ ਸੰਚਾਰ ਕੌਸ਼ਲ, ਟੀਮ ਵਰਕ, ਲੀਡਰਸ਼ਿਪ, ਰਚਨਾਤਮਕ ਸੋਚ ਅਤੇ ਡਿਜੀਟਲ ਸਾਖਰਤਾ ਵਰਗੇ ਹੁਨਰ ਬਹੁਤ ਮਹੱਤਵਪੂਰਨ ਬਣ ਚੁੱਕੇ ਹਨ।

**ਡਿਜੀਟਲ ਕ੍ਰਾਂਤੀ ਅਤੇ ਕਿੱਤਾ ਮੁਖੀ ਹੁਨਰ**

ਡਿਜੀਟਲ ਕ੍ਰਾਂਤੀ ਨੇ ਰੁਜ਼ਗਾਰ ਦੇ ਖੇਤਰ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ। 'ਵਰਲਡ ਇਕਨਾਮਿਕ ਫੋਰਮ' ਦੀ ਇੱਕ ਰਿਪੋਰਟ ਦੱਸਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਕਾਰਨ ਕਈ ਰਵਾਇਤੀ ਨੌਕਰੀਆਂ ਖ਼ਤਮ ਹੋ ਸਕਦੀਆਂ ਹਨ, ਪਰ ਤਕਨੀਕੀ ਅਤੇ ਆਧੁਨਿਕ ਹੁਨਰਾਂ ਨਾਲ ਲੈਸ ਨੌਜਵਾਨਾਂ ਲਈ ਕਰੋੜਾਂ ਨਵੇਂ ਰੁਜ਼ਗਾਰ ਦੇ ਮੌਕੇ ਵੀ ਪੈਦਾ ਹੋਣਗੇ। ਅੱਜ ਏ.ਆਈ. ਡਾਟਾ ਵਿਸ਼ਲੇਸ਼ਣ, ਸਾਫਟਵੇਅਰ ਡਿਵੈਲਪਿੰਗ, ਗ੍ਰਾਫਿਕ ਡਿਜ਼ਾਈਨਿੰਗ, ਵੀਡੀਓ ਐਡੀਟਿੰਗ, ਡਿਜੀਟਲ ਮਾਰਕੀਟਿੰਗ, ਈ-ਕਾਮਰਸ ਅਤੇ ਡਿਜੀਟਲ ਕੰਟੈਂਟ ਕ੍ਰੀਏਸ਼ਨ ਵਰਗੇ ਖੇਤਰ ਨੌਜਵਾਨਾਂ ਲਈ ਵਰਦਾਨ ਸਾਬਤ ਹੋ ਰਹੇ ਹਨ। ਅੱਜ ਇੱਕ ਨੌਜਵਾਨ ਆਪਣੇ ਪਿੰਡ ਜਾਂ ਕਸਬੇ ਵਿੱਚ ਬੈਠ ਕੇ ਵੀ ਇੰਟਰਨੈੱਟ ਰਾਹੀਂ ਵਿਸ਼ਵ ਪੱਧਰ 'ਤੇ ਫਰੀਲਾਂਸਿੰਗ ਕਰਕੇ ਚੰਗੀ ਕਮਾਈ ਕਰ ਸਕਦਾ ਹੈ।

ਇੱਥੇ ਇਹ ਸਮਝਣਾ ਵੀ ਅਤਿ ਜ਼ਰੂਰੀ ਹੈ ਕਿ ਹੁਨਰ ਦਾ ਅਰਥ ਸਿਰਫ਼ ਕੰਪਿਊਟਰ ਜਾਂ ਆਧੁਨਿਕ ਤਕਨਾਲੋਜੀ ਤੱਕ ਸੀਮਿਤ ਨਹੀਂ ਹੈ। ਖੇਤੀਬਾੜੀ, ਡੇਅਰੀ ਫਾਰਮਿੰਗ, ਲੁਹਾਰਾ ਤਰਖਾਣਾ ਕੰਮ, ਵੈਲਡਿੰਗ, ਬਿਜਲੀ ਮਿਸਤਰੀ, ਮਸ਼ੀਨ ਮੁਰੰਮਤ, ਸਿਲਾਈ ਅਤੇ ਕਢਾਈ, ਫੂਡ ਪ੍ਰੋਸੈਸਿੰਗ ਅਤੇ ਕਿਸੇ ਵੀ ਤਰ੍ਹਾਂ ਦੀ ਦਸਤਕਾਰੀ ਵਰਗੇ ਸਾਰੇ ਕਿੱਤਾ ਮੁਖੀ ਕੰਮ ਬਹੁਤ ਕੀਮਤੀ ਹੁਨਰ ਹਨ। ਇਨ੍ਹਾਂ ਖੇਤਰਾਂ ਵਿੱਚ ਨਿਪੁੰਨ ਲੋਕ ਨਾ ਸਿਰਫ਼ ਆਪਣੀ ਰੋਜ਼ੀ-ਰੋਟੀ ਸਵੈਮਾਨ ਨਾਲ ਕਮਾ ਰਹੇ ਹਨ, ਸਗੋਂ ਦੂਜਿਆਂ ਲਈ ਵੀ ਰੁਜ਼ਗਾਰ ਦੇ ਮੌਕੇ ਪੈਦਾ ਕਰਕੇ ' ਜੌਬ ਕਰੀਏਟਰ' ਬਣ ਰਹੇ ਹਨ। ਅਸਲ ਵਿੱਚ ਕੋਈ ਵੀ ਹੁਨਰ ਛੋਟਾ ਜਾਂ ਵੱਡਾ ਨਹੀਂ ਹੁੰਦਾ; ਮਹੱਤਵ ਉਸ ਦੀ ਉਪਯੋਗਤਾ ਅਤੇ ਉਸ ਨੂੰ ਨਿਭਾਉਣ ਵਾਲੇ ਵਿਅਕਤੀ ਦੀ ਲਗਨ ਦਾ ਹੁੰਦਾ ਹੈ। ਜੇਕਰ ਅਸੀਂ ਆਪਣੇ ਸੂਬੇ ਪੰਜਾਬ ਦੇ ਸੰਦਰਭ ਵਿੱਚ ਦੇਖੀਏ, ਤਾਂ ਅੱਜ ਸਾਡੇ ਨੌਜਵਾਨਾਂ ਵਿੱਚ ਜੋ ਵਿਦੇਸ਼ ਜਾਣ ਦੀ ਹੋੜ ਲੱਗੀ ਹੋਈ ਹੈ, ਉੱਥੇ ਵੀ ਡਿਗਰੀਆਂ ਨਾਲੋਂ ਹੁਨਰ ਹੀ ਸਭ ਤੋਂ ਵੱਧ ਕੰਮ ਆ ਰਿਹਾ ਹੈ। ਪਲੰਬਿੰਗ, ਕਾਰਪੈਂਟਰੀ, ਨਰਸਿੰਗ, ਕੁਕਿੰਗ, ਹੈਵੀ ਵਹੀਕਲ ਡਰਾਈਵਿੰਗ ਜਾਂ ਆਈ.ਟੀ. ਸਕਿੱਲਜ਼ ਜਾਣਨ ਵਾਲੇ ਨੌਜਵਾਨ ਬਾਹਰਲੇ ਦੇਸ਼ਾਂ ਵਿੱਚ ਬਹੁਤ ਜਲਦੀ ਅਤੇ ਵਧੀਆ ਤਰੀਕੇ ਨਾਲ ਪੈਰ ਜਮਾ ਲੈਂਦੇ ਹਨ। ਇਸ ਲਈ ਚਾਹੇ ਦੇਸ਼ ਵਿੱਚ ਰਹਿ ਕੇ ਤਰੱਕੀ ਕਰਨੀ ਹੋਵੇ ਜਾਂ ਵਿਦੇਸ਼ਾਂ ਵਿੱਚ ਸਫ਼ਲ ਹੋਣਾ ਹੋਵੇ, ਹੁਨਰ ਤੋਂ ਬਿਨਾਂ ਗੁਜ਼ਾਰਾ ਸੰਭਵ ਨਹੀਂ ਹੈ।

**ਸਿੱਖਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਅਤੇ ਉਪਰਾਲੇ**

ਭਾਰਤ ਸਰਕਾਰ ਅਤੇ ਰਾਜ ਸਰਕਾਰਾਂ ਵੱਲੋਂ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ 'ਸਕਿੱਲ ਇੰਡੀਆ ਮਿਸ਼ਨ', 'ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ' ਅਤੇ ਉਦਯੋਗਿਕ ਸਿਖਲਾਈ ਸੰਸਥਾਵਾਂ ਰਾਹੀਂ ਮੁਫ਼ਤ ਕਿੱਤਾਮੁਖੀ ਸਿਖਲਾਈ ਦਿੱਤੀ ਜਾ ਰਹੀ ਹੈ। ਪਰ ਇਸ ਦੇ ਨਾਲ ਹੀ ਸਾਡੇ ਸਕੂਲਾਂ ਅਤੇ ਕਾਲਜਾਂ ਦੀ ਭੂਮਿਕਾ ਸਭ ਤੋਂ ਅਹਿਮ ਬਣ ਜਾਂਦੀ ਹੈ।



ਨਵਦੀਪ ਸਿੰਘ ਝੁਨੀਰ

ਸਿੱਖਿਆ ਦਾ ਮਕਸਦ ਸਿਰਫ਼ ਪ੍ਰੀਖਿਆਵਾਂ ਪਾਸ ਕਰਵਾ ਕੇ ਡਿਗਰੀਆਂ ਵੰਡਣਾ ਨਹੀਂ ਹੋਣਾ ਚਾਹੀਦਾ। ਸਿੱਖਿਆ ਸੰਸਥਾਵਾਂ ਨੂੰ ਹੁਣ ਰਵਾਇਤੀ ਲੀਹਾਂ ਤੋਂ ਹਟ ਕੇ ਵਿਦਿਆਰਥੀਆਂ ਵਿੱਚ ਰੁਜ਼ਗਾਰਮੁਖੀ, ਜੀਵਨ-ਉਪਯੋਗੀ ਅਤੇ ਵਿਹਾਰਕ ਹੁਨਰ ਵਿਕਸਿਤ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ। ਜੇਕਰ ਸਕੂਲੀ ਪੱਧਰ ਤੋਂ ਹੀ ਸਿੱਖਿਆ ਦੇ ਨਾਲ-ਨਾਲ ਹੁਨਰ ਵਿਕਾਸ ਨੂੰ ਬਰਾਬਰ ਮਹੱਤਵ ਦਿੱਤਾ ਜਾਵੇ, ਤਾਂ ਸਾਡੀ ਨੌਜਵਾਨ ਪੀੜ੍ਹੀ ਬਚਪਨ ਤੋਂ ਹੀ ਆਤਮ-ਨਿਰਭਰ ਬਣਨ ਦੇ ਸੁਪਨੇ ਦੇਖਣ ਲੱਗੇਗੀ।

'ਵਿਸ਼ਵ ਨੌਜਵਾਨ ਹੁਨਰ ਦਿਵਸ' ਸਾਨੂੰ ਇਹੀ ਹੋਕਾ ਦਿੰਦਾ ਹੈ ਕਿ ਭਵਿੱਖ ਸਿਰਫ਼ ਉਨ੍ਹਾਂ ਦਾ ਹੈ ਜੋ ਲਗਾਤਾਰ ਕੁਝ ਨਵਾਂ ਸਿੱਖਦੇ ਰਹਿੰਦੇ ਹਨ, ਆਪਣੇ ਆਪ ਨੂੰ ਸਮੇਂ ਦੇ ਅਨੁਕੂਲ ਢਾਲਦੇ ਹਨ ਅਤੇ ਆਪਣੇ ਹੁਨਰਾਂ ਨੂੰ ਨਿਖਾਰਦੇ ਰਹਿੰਦੇ ਹਨ। ਅੱਜ ਦੇ ਇਸ ਬੇਹੱਦ ਮੁਕਾਬਲੇਬਾਜ਼ੀ ਵਾਲੇ ਯੁੱਗ ਵਿੱਚ ਡਿਗਰੀਆਂ ਸ਼ਾਇਦ ਕੰਧਾਂ 'ਤੇ ਟੰਗੇ ਫਰੇਮਾਂ ਤੱਕ ਸੀਮਿਤ ਰਹਿ ਜਾਣ, ਪਰ ਹੁਨਰ ਮਨੁੱਖ ਨੂੰ ਜ਼ਿੰਦਗੀ ਦੀਆਂ ਅਸਲ ਮੰਜ਼ਿਲਾਂ ਤੱਕ ਪਹੁੰਚਾਉਂਦਾ ਹੈ।

ਅਸਲ ਪਛਾਣ ਕਾਗਜ਼ ਦੇ ਸਰਟੀਫਿਕੇਟਾਂ ਨਾਲ ਨਹੀਂ, ਸਗੋਂ ਹੱਥਾਂ ਦੀ ਕਾਰੀਗਰੀ ਅਤੇ ਕੰਮ ਕਰਨ ਦੀ ਕਾਬਲੀਅਤ ਨਾਲ ਬਣਦੀ ਹੈ। ਇਸ ਲਈ ਆਓ, ਇਸ ਦਿਨ 'ਤੇ ਪ੍ਰਣ ਕਰੀਏ ਕਿ ਅਸੀਂ ਆਪਣੇ ਨੌਜਵਾਨਾਂ ਨੂੰ ਡਿਗਰੀਆਂ ਦੇ ਨਾਲ-ਨਾਲ ਹੁਨਰ ਦੀ ਉਹ ਅਸਲ ਪੂੰਜੀ ਵੀ ਦੇਈਏ, ਜੋ ਉਨ੍ਹਾਂ ਨੂੰ ਇੱਕ ਆਤਮ-ਵਿਸ਼ਵਾਸੀ, ਸਫ਼ਲ ਅਤੇ ਸਵੈ-ਨਿਰਭਰ ਨਾਗਰਿਕ ਬਣਾ ਸਕੇ।

**ਪੰਜਾਬੀ ਮਾਸਟਰ**
**ਸਰਕਾਰੀ ਸੈਕੰਡਰੀ ਸਕੂਲ ਝੰਡੂਕੇ**
**ਮਾਨਸਾ**
**ਸੰਪਰਕ : 9876968193**

# ਵੈਲਿਊ ਚੇਨ ਦਾ ਸੁਮੇਲ: ਪੀ. ਐੱਮ. ਮਿਤਰਾ ਪਾਰਕ ਕਿਵੇਂ ਬਦਲ ਰਹੇ ਹਨ ਭਾਰਤ ਦੇ ਟੈਕਸਟਾਈਲ ਖੇਤਰ ਦੀ ਨੁਹਾਰ

ਜ਼ਿਕਰ ਪੰਜਾਬ

ਸਦੀਆਂ ਤੋਂ ਭਾਰਤ ਦੀ ਪਛਾਣ ਉਸ ਦੇ ਪਹਿਰਾਵੇ ਨਾਲ ਡੂੰਘੀ ਜੁੜੀ ਰਹੀ ਹੈ। ਭਾਵੇਂ ਉਹ ਕਸ਼ਮੀਰ ਦੇ ਪਸ਼ਮੀਨਾ ਦੀ ਲੰਮੇ ਸਮੇਂ ਤੱਕ ਰਹਿਣ ਵਾਲੀ ਗਰਮਾਹਟ ਹੋਵੇ, ਅਸਾਮ ਦੇ ਮੂੰਗਾ ਸਿਲਕ ਦੀ ਸੁਨਹਿਰੀ ਚਮਕ ਹੋਵੇ, ਤਾਮਿਲਨਾਡੂ ਦੀਆਂ ਸ਼ਾਹੀ ਕਾਂਜੀਵਰਮ ਸਾੜੀਆਂ ਹੋਣ, ਚੰਦੇਰੀ ਦੀ ਬੁਣਾਈ ਹੋਵੇ ਜਾਂ ਸੂਰਤ ਦੇ ਕਾਰੀਗਰਾਂ ਦੀ ਕੱਪੜਿਆਂ 'ਤੇ ਮਸ਼ਹੂਰ ਕਾਰੀਗਰੀ। ਅੱਜ ਵੀ ਇਹ ਖੇਤਰ ਸਾਡੀ ਆਰਥਿਕਤਾ ਦਾ ਇੱਕ ਮਜ਼ਬੂਤ ਥੰਮ?ਹ ਬਣ ਕੇ ਖੜ੍ਹਾ ਹੈ, ਜੋ ਜੀਡੀਪੀ ਵਿੱਚ 2.3%, ਉਦਯੋਗਿਕ ਉਤਪਾਦਨ ਵਿੱਚ 13% ਅਤੇ ਨਿਰਯਾਤ ਵਿੱਚ 12% ਦਾ ਯੋਗਦਾਨ ਪਾਉਂਦਾ ਹੈ। ਖੇਤੀਬਾੜੀ ਤੋਂ ਬਾਅਦ ਭਾਰਤ ਵਿੱਚ ਸਭ ਤੋਂ ਵੱਧ ਰੁਜ਼ਗਾਰ ਦੇਣ ਵਾਲਾ ਇਹ ਖੇਤਰ 45 ਮਿਲੀਅਨ ਲੋਕਾਂ ਨੂੰ ਸਿੱਧੇ ਤੌਰ 'ਤੇ ਅਤੇ 100 ਮਿਲੀਅਨ ਤੋਂ ਵੱਧ ਲੋਕਾਂ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਦਿੰਦਾ ਹੈ। ਇਸ ਨਾਲ ਗ੍ਰਾਮੀਣ ਭਾਈਚਾਰਿਆਂ ਨੂੰ ਮਜ਼ਬੂਤੀ ਮਿਲਦੀ ਹੈ ਅਤੇ ਦੇਸ਼ ਭਰ ਵਿੱਚ ਲੱਖਾਂ ਮਹਿਲਾਵਾਂ ਲਈ ਆਰਥਿਕ ਆਜ਼ਾਦੀ ਦਾ ਰਾਹ ਖੁੱਲ੍ਹਦਾ ਹੈ। ਵਿਸ਼ਵ-ਵਿਆਪੀ ਮੁਕਾਬਲੇਬਾਜ਼ਾਂ ਦੇ ਇੱਕ ਦੂਜੇ ਨਾਲ ਜੁੜੇ ਹੋਏ ਸਿਸਟਮ ਦੇ ਉਲਟ, ਭਾਰਤ ਦੀ ਟੈਕਸਟਾਈਲ ਵੈਲਿਊ ਚੇਨ ਇਤਿਹਾਸਕ ਤੌਰ 'ਤੇ ਵੱਖ-ਵੱਖ ਥਾਵਾਂ 'ਤੇ ਫੈਲੇ ਹੋਏ ਮਾਡਲ ਵਜੋਂ ਵਿਕਸਿਤ ਹੋਈ। ਕਤਾਈ, ਬੁਣਾਈ, ਪ੍ਰੋਸੈਸਿੰਗ, ਕੱਪੜੇ ਸਿਲਾਈ ਅਤੇ ਨਿਰਯਾਤ ਵਰਗੀਆਂ ਗਤੀਵਿਧੀਆਂ ਵੱਖ-ਵੱਖ ਰਾਜਾਂ ਵਿੱਚ ਸੁਤੰਤਰ ਤੌਰ 'ਤੇ ਵਿਕਸਿਤ ਹੋਈਆਂ, ਜਿਸ ਦਾ ਮਤਲਬ ਸੀ ਕਿ ਇੱਕ ਕੱਪੜਾ ਤਿਆਰ ਹੋਣ ਦੇ ਦੌਰਾਨ ਅਕਸਰ ਕਈ ਰਾਜਾਂ ਦੀਆਂ ਸਰਹੱਦਾਂ ਵਿੱਚੋਂ ਲੰਘਦਾ ਸੀ। ਇਸ ਖਿੰਡਾਅ ਕਾਰਨ ਕਈ ਢਾਂਚਾਗਤ ਰੁਕਾਵਟਾਂ ਪੈਦਾ ਹੋਈਆਂ। ਇਸ ਨੇ ਵੱਡੇ ਪੱਧਰ 'ਤੇ ਕੰਮ ਕਰਨ, ਆਧੁਨਿਕੀਕਰਨ, ਆਟੋਮੇਸ਼ਨ ਅਤੇ ਅੰਤ ਵਿੱਚ ਮਜ਼ਦੂਰਾਂ ਦੀ ਉਤਪਾਦਕਤਾ ਨੂੰ ਸੀਮਿਤ ਕਰ ਦਿੱਤਾ।

ਇਸ ਦੇ ਨਾਲ ਹੀ, ਮਲਟੀ-ਮੋਡਲ ਸੰਪਰਕ ਵਿੱਚ ਕਮੀਆਂ ਕਰਕੇ ਲੌਜਿਸਟਿਕਸ ਦਾ ਬੋਝ ਵੀ ਵਧ ਜਾਂਦਾ ਹੈ। ਉਤਪਾਦਨ ਦੇ ਵੱਖ-ਵੱਖ ਪੜਾਵਾਂ ਵਿਚਕਾਰ ਹਰ ਵਾਰ ਸਾਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ ਲੈ ਕੇ ਜਾਣ ਜਾਂ ਸੰਭਾਲਣ ਵਿੱਚ ਵਾਧੂ ਖਰਚਾ ਅਤੇ ਢੋਆ-ਢੁਆਈ ਦਾ ਕਿਰਾਇਆ ਲੱਗਦਾ ਹੈ। ਕਈ ਪੜਾਵਾਂ ਵਿੱਚ ਲੰਮੀ ਦੂਰੀ ਤੱਕ ਸਾਮਾਨ ਨੂੰ ਇੱਕ ਥਾਂ ਤੋਂ ਦੂਜੀ ਥਾਂ ਭੇਜਣ ਨਾਲ ਕੁੱਲ ਲੌਜਿਸਟਿਕਸ ਲਾਗਤ ਵਧ ਜਾਂਦੀ ਹੈ ਅਤੇ ਸਾਮਾਨ ਨੂੰ ਤੇਜ਼ੀ ਨਾਲ ਬਾਜ਼ਾਰ ਤੱਕ ਪਹੁੰਚਾਉਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ, ਜੋ ਅੱਜ ਦੀ ਪ੍ਰਚੂਨ ਵਿਵਸਥਾ ਵਿੱਚ ਵਾਰ-ਵਾਰ ਆਰਡਰ ਦੇਣ ਵਾਲੇ ਗੇੜ ਵਿੱਚ ਇੱਕ ਬਹੁਤ ਵੱਡੀ ਅਤੇ ਨੁਕਸਾਨਦੇਹ ਕਮੀ ਹੈ।

ਮੌਜੂਦਾ ਸਮੇਂ ਵਿੱਚ ਵਾਤਾਵਰਨ ਨਾਲ ਜੁੜੀਆਂ ਜ਼ਰੂਰਤਾਂ ਵੱਲ ਵੀ ਧਿਆਨ ਦੇਣ ਦੀ ਜ਼ਰੂਰਤ ਹੈ। ਦੁਨੀਆ ਭਰ ਵਿੱਚ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਵਿੱਚ ਟੈਕਸਟਾਈਲ ਉਦਯੋਗ ਦੀ ਹਿੱਸੇਦਾਰੀ 8% ਤੋਂ 10% ਅਤੇ ਉਦਯੋਗਿਕ ਪਾਣੀ ਦੇ ਪ੍ਰਦੂਸ਼ਣ ਵਿੱਚ 20% ਹੈ। ਹਜ਼ਾਰਾਂ ਛੋਟੀਆਂ-ਛੋਟੀਆਂ ਅਤੇ ਵੱਖ-ਵੱਖ ਥਾਵਾਂ 'ਤੇ ਫੈਲੀਆਂ ਇਕਾਈਆਂ ਵਿੱਚ ਨਿਯਮਾਂ ਨੂੰ ਲਾਗੂ ਕਰਨਾ ਅਤੇ ਸਹੀ ਤਰੀਕੇ ਨਾਲ ਪ੍ਰਬੰਧਨ ਕਰਨਾ ਪਹਿਲਾਂ ਇੱਕ ਵੱਡੀ ਪ੍ਰਸ਼ਾਸਨਿਕ ਚੁਣੌਤੀ ਰਿਹਾ ਹੈ।

ਇਨ੍ਹਾਂ ਰੁਕਾਵਟਾਂ ਨੂੰ ਯੋਜਨਾਬੱਧ ਤਰੀਕੇ ਨਾਲ ਦੂਰ ਕਰਨ ਲਈ, ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਨੇ ਅਕਤੂਬਰ, 2021 ਵਿੱਚ ਪੀਐੱਮ ਮੈਗਾ ਇੰਟੀਗ੍ਰੇਟਿਡ ਟੈਕਸਟਾਈਲ ਰੀਜਨ ਐਂਡ ਅਪੈਰਲ ਪੀ. ਐੱਮ. ਮਿਤਰਾ (ਐੱਮਆਈਟੀਆਰਏ) ਯੋਜਨਾ ਸ਼ੁਰੂ ਕੀਤੀ, ਜਿਸ ਦੇ ਲਈ ?4,445 ਕਰੋੜ ਦਾ ਬਜਟ ਰੱਖਿਆ ਗਿਆ। ਇਹ ਇੱਕ ਮਹੱਤਵਪੂਰਨ ਕਦਮ ਸੀ, ਜੋ ਇੱਕ ਅਜਿਹਾ ਵਿਆਪਕ ਮਾਡਲ ਪੇਸ਼ ਕਰਦਾ ਹੈ, ਜਿਸ ਵਿੱਚ ਕੇਂਦਰ ਸਰਕਾਰ, ਰਾਜ ਸਰਕਾਰਾਂ, ਉਦਯੋਗਾਂ ਨਾਲ ਜੁੜੇ ਲੋਕਾਂ ਅਤੇ ਨਿੱਜੀ ਭਾਈਵਾਲਾਂ ਦੇ ਨਾਲ ਮਿਲ ਕੇ ਵਿਕਾਸ ਨੂੰ ਅੱਗੇ ਵਧਾਉਂਦੀ ਹੈ।

ਇਸ ਯੋਜਨਾ ਦੇ ਕੇਂਦਰ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦਾ ਦੂਰ-ਅੰਦੇਸ਼ੀ '5ਐੱਫ' ਫਾਰਮੂਲਾ ਹੈ, ਭਾਵ ਫਾਰਮ (ਖੇਤ) ਤੋਂ ਫਾਈਬਰ (ਰੇਸ਼ਾ) ਤੋਂ ਫੈਕਟਰੀ (ਕਾਰਖਾਨਾ) ਤੋਂ ਫੈਸ਼ਨ ਅਤੇ ਫੌਰੇਨ (ਵਿਦੇਸ਼) ਤੱਕ ਪਹੁੰਚ। ਇਹ ਸੋਚ ਸਿੱਧੇ ਤੌਰ 'ਤੇ ਉਸ ਗੱਲ ਨੂੰ ਸਾਹਮਣੇ ਲਿਆਉਂਦੀ ਹੈ, ਜੋ ਭਾਰਤ ਨੂੰ ਗਲੋਬਲ ਮੰਚ 'ਤੇ ਵੱਖਰਾ ਬਣਾਉਂਦੀ ਹੈ: ਸਾਡੀ ਸਮੁੱਚੀ ਅਤੇ ਬੇਹੱਦ ਵਿਭਿੰਨਤਾ ਭਰਪੂਰ ਵੈਲਿਊ ਚੇਨ। ਕੱਚੇ ਮਾਲ ਦੇ ਆਯਾਤ ਜਾਂ ਸਿਰਫ਼ ਤਿਆਰ ਕੱਪੜਿਆਂ ਦੀ ਬਣਤਰ 'ਤੇ ਨਿਰਭਰ ਰਹਿਣ ਵਾਲੇ ਦੂਜੇ ਦੇਸ਼ਾਂ ਦੇ ਉਲਟ, ਭਾਰਤ ਕੱਪੜੇ ਬਣਾਉਣ ਦੀ ਪੂਰੀ ਪ੍ਰਕਿਰਿਆ ਵਿੱਚ ਸ਼ਾਮਲ ਹੈ, ਜਿਸ ਵਿੱਚ ਕਿਸਾਨਾਂ ਦੇ ਖੇਤਾਂ ਤੋਂ ਲੈ ਕੇ ਹਾਈ-ਫੈਸ਼ਨ ਰਨਵੇਅ ਤੱਕ ਦੀ ਪ੍ਰਕਿਰਿਆ ਸ਼ਾਮਲ ਹੈ। ਇਸ ਵਿਲੱਖਣ ਸਮਝ ਕਰਕੇ, ਸਾਡੀ ਵਿਕਾਸ ਰਣਨੀਤੀ ਨੂੰ ਗਲੋਬਲ ਮੁਕਾਬਲੇਬਾਜ਼ੀ ਅਤੇ ਪੂਰੀ ਤਰ੍ਹਾਂ ਸਮਾਜਿਕ ਬਰਾਬਰੀ ਵਿਚਕਾਰ ਇੱਕ ਖ਼ਾਸ ਸੰਤੁਲਨ ਬਣਾਉਣ ਦੀ ਜ਼ਰੂਰਤ ਹੈ। ਵਿਸਤਾਰ ਕਰਦੇ ਸਮੇਂ, ਸਾਨੂੰ ਹਰ ਖੇਤਰ ਦੀ ਭਲਾਈ ਦਾ ਧਿਆਨ ਰੱਖਣਾ ਹੋਵੇਗਾ, ਤਾਂ ਜੋ ਸਧਾਰਨ ਕਿਸਾਨ ਅਤੇ ਗ੍ਰਾਮੀਣ ਬੁਨਕਰ ਤੋਂ ਲੈ ਕੇ ਕੱਪੜੇ ਦੇ ਨਿਰਯਾਤਕ ਤੱਕ, ਕੋਈ ਵੀ ਪਿੱਛੇ ਨਾ ਰਹੇ। ਪੀ. ਐੱਮ. ਮਿਤਰਾ ਫਰੇਮਵਰਕ ਇਸੇ ਸੰਤੁਲਨ ਨੂੰ ਹਾਸਲ ਕਰਦਾ ਹੈ।




ਇਨ੍ਹਾਂ ਪਾਰਕਾਂ ਨੂੰ ਕੱਚੇ ਮਾਲ ਦੇ ਮੁੱਖ ਕੇਂਦਰਾਂ ਦੇ ਨੇੜੇ ਰਣਨੀਤਕ ਤੌਰ 'ਤੇ ਬਣਾਉਣ ਨਾਲ ਟ?ਰਾਂਸਪੋਰਟ ਦਾ ਖਰਚਾ ਘੱਟ ਹੁੰਦਾ ਹੈ ਅਤੇ ਨਿਰਮਾਣ ਲਈ ਬਿਨਾਂ ਕਿਸੇ ਰੁਕਾਵਟ ਦੇ ਸਪਲਾਈ ਯਕੀਨੀ ਹੁੰਦੀ ਹੈ। ਇਸ ਤੋਂ ਵੀ ਜ਼ਰੂਰੀ ਗੱਲ ਇਹ ਹੈ ਕਿ ਇਸ ਨੇੜਤਾ ਕਾਰਨ ਸ਼ੁਰੂਆਤ ਤੋਂ ਲੈ ਕੇ ਅੰਤ ਤੱਕ ਨਿਗਰਾਨੀ ਕਰਨਾ ਵੀ ਸੰਭਵ ਹੋ ਜਾਂਦਾ ਹੈ। ਕਿਉਂਕਿ ਗਲੋਬਲ ਬ੍ਰਾਂਡ ਆਰਗੈਨਿਕ ਜਾਂ ਟਿਕਾਊ ਪ੍ਰਮਾਣੀਕਰਨ ਦੀ ਮੰਗ ਕਰਦੇ ਹਨ, ਇਸ ਲਈ ਇਹ ਏਕੀਕ੍ਰਿਤ ਪਾਰਕ ਇੱਕ ਤਸਦੀਕਯੋਗ 'ਕਸਟਡੀ ਚੇਨ' ਪ੍ਰਦਾਨ ਕਰਦੇ ਹਨ। ਇਸ ਨਾਲ ਸਖ਼ਤ ਗਲੋਬਲ ਈਐੱਸਜੀ ਨਿਯਮਾਂ ਦੀ ਪਾਲਣਾ ਹੁੰਦੀ ਹੈ ਅਤੇ ਵਿਦੇਸ਼ਾਂ ਵਿੱਚ ਵੱਧ ਕੀਮਤ ਹਾਸਲ ਕਰਨ ਦਾ ਰਾਹ ਵੀ ਪੱਧਰਾ ਹੁੰਦਾ ਹੈ।

1,000 ਏਕੜ ਤੋਂ ਵੱਧ ਦੇ ਇੱਕੋ ਇਲਾਕੇ ਵਿੱਚ ਕਤਾਈ, ਬੁਣਾਈ, ਪ੍ਰੋਸੈਸਿੰਗ ਅਤੇ ਕੱਪੜਾ ਬਣਾਉਣ ਦੀਆਂ ਸੁਵਿਧਾਵਾਂ ਨੂੰ ਇੱਕੋ ਥਾਂ ਲਿਆਉਣ ਨਾਲ ਵੱਖ-ਵੱਖ ਰਾਜਾਂ ਵਿਚਕਾਰ ਸਾਮਾਨ ਲੈ ਕੇ ਜਾਣ ਦੀ ਜ਼ਰੂਰਤ ਖ਼ਤਮ ਹੋ ਜਾਂਦੀ ਹੈ। ਇਸ ਨਾਲ ਮਾਲ ਢੋਆ-ਢੁਆਈ ਦਾ ਖਰਚਾ ਅਤੇ ਆਵਾਜਾਈ ਕਾਰਨ ਹੋਣ ਵਾਲਾ ਪ੍ਰਦੂਸ਼ਣ ਵੀ ਬਹੁਤ ਘੱਟ ਹੋ ਜਾਂਦਾ ਹੈ ਅਤੇ ਸਾਮਾਨ ਤੇਜ਼ੀ ਨਾਲ ਬਾਜ਼ਾਰ ਤੱਕ ਪਹੁੰਚ ਸਕਦਾ ਹੈ। ਡੈਡੀਕੇਟਿਡ ਫਰੇਟ ਕੌਰੀਡੋਰ ਅਤੇ ਐਕਸਪ੍ਰੈੱਸਵੇਅ ਵਰਗੇ ਰਾਸ਼ਟਰੀ ਲੌਜਿਸਟਿਕਸ ਕੌਰੀਡੋਰਾਂ ਨਾਲ ਜੁੜੇ ਹੋਣ ਕਰਕੇ, ਵਿਦੇਸ਼ੀ ਬਾਜ਼ਾਰਾਂ ਤੱਕ ਸਾਮਾਨ ਪਹੁੰਚਾਉਣਾ ਬਹੁਤ ਸਸਤਾ ਅਤੇ ਕਿਫ਼ਾਇਤੀ ਹੋ ਜਾਂਦਾ ਹੈ। ਹਰ ਪਾਰਕ ਵਿੱਚ 'ਪਲੱਗ-ਐਂਡ-ਪਲੇ' ਉਦਯੋਗਿਕ ਬੁਨਿਆਦੀ ਢਾਂਚਾ ਹੁੰਦਾ ਹੈ, ਜਿਸ ਵਿੱਚ ਬਿਜਲੀ ਦੇ ਖ਼ਾਸ ਸਬ-ਸਟੇਸ਼ਨ, ਲਗਾਤਾਰ ਪਾਣੀ ਦੀ ਸਪਲਾਈ ਅਤੇ ਤੁਰੰਤ ਵਰਤੋਂ ਲਈ ਤਿਆਰ ਫੈਕਟਰੀ ਸ਼ੈੱਡ ਵਰਗੀਆਂ ਸੁਵਿਧਾਵਾਂ ਸ਼ਾਮਲ ਹਨ। ਇਸ ਦੇ ਨਾਲ ਹੀ, ਜ਼ੀਰੋ ਲਿਕਵਿਡ ਡਿਸਚਾਰਜ (ਜ਼ੈੱਡਐੱਲਡੀ) ਤਕਨੀਕ ਵਾਲੇ ਉੱਨਤ ਕੌਮਨ ਐਫਲੂਐਂਟ ਟ?ਰੀਟਮੈਂਟ ਪਲਾਂਟ ਅਤੇ ਆਧੁਨਿਕ ਸੁਵਿਧਾਵਾਂ ਵੀ ਹੁੰਦੀਆਂ ਹਨ, ਜਿਸ ਨਾਲ ਕਾਰੋਬਾਰੀਆਂ 'ਤੇ ਢਾਂਚਾਗਤ ਬੋਝ ਘੱਟ ਹੁੰਦਾ ਹੈ ਅਤੇ ਕਾਰੋਬਾਰ ਕਰਨ ਵਿੱਚ ਆਸਾਨੀ ਹੁੰਦੀ ਹੈ। ਪੀ. ਐੱਮ. ਮਿਤਰਾ ਪਾਰਕ ਤੇਜ਼ੀ ਨਾਲ ਕਾਗਜ਼ੀ ਯੋਜਨਾਵਾਂ ਨੂੰ ਅਸਲ ਜ਼ਮੀਨੀ ਹਕੀਕਤ ਵਿੱਚ ਬਦਲ ਰਹੇ ਹਨ। ਇਸ ਯੋਜਨਾ ਵਿੱਚ ਸੱਤ ਰਣਨੀਤਕ ਪਾਰਕਾਂ ਸ਼ਾਮਲ ਹਨ: ਪੰਜ ਗ੍ਰੀਨਫੀਲਡ ਡਿਵੈਲਪਮੈਂਟ - ਵਿਰੁਧੁਨਗਰ (ਤਾਮਿਲਨਾਡੂ), ਨਵਸਾਰੀ (ਗੁਜਰਾਤ), ਕਲਬੁਰਗੀ (ਕਰਨਾਟਕ), ਧਾਰ (ਮੱਧ ਪ੍ਰਦੇਸ਼) ਅਤੇ ਲਖਨਊ (ਉੱਤਰ ਪ੍ਰਦੇਸ਼) ਅਤੇ ਦੋ ਬ੍ਰਾਊਨਫੀਲਡ ਡਿਵੈਲਪਮੈਂਟ - ਵਾਰੰਗਲ (ਤੇਲੰਗਾਨਾ) ਅਤੇ ਅਮਰਾਵਤੀ (ਮਹਾਰਾਸ਼ਟਰ) ਵਿੱਚ। ਹੁਣ ਤੱਕ, ਇਸ ਯੋਜਨਾ ਵਿੱਚ ਕੁੱਲ 69,899 ਕਰੋੜ ਦੇ ਨਿਵੇਸ਼ ਦੀ ਦਿਲਚਸਪੀ ਦਿਖਾਈ ਗਈ ਹੈ, ਜਿਸ ਵਿੱਚੋਂ 27,658 ਕਰੋੜ ਦਾ ਨਿਵੇਸ਼ ਪਹਿਲਾਂ ਹੀ ਹੋ ਚੁੱਕਿਆ ਹੈ। 10 ਮਈ, 2026 ਨੂੰ ਮਾਣਯੋਗ ਪ੍ਰਧਾਨ ਮੰਤਰੀ ਨੇ ਤੇਲੰਗਾਨਾ ਦੇ ਵਾਰੰਗਲ ਵਿੱਚ ਪਹਿਲੇ ਕਾਰਜਸ਼ੀਲ ਪੀ. ਐੱਮ. ਮਿਤਰਾ ਪਾਰਕ ਦਾ ਉਦਘਾਟਨ ਕੀਤਾ। ਇਸ ਪਾਰਕ ਵਿੱਚ ਪਹਿਲਾਂ ਹੀ 3,862 ਕਰੋੜ ਦਾ ਨਿਵੇਸ਼ ਹੋ ਚੁੱਕਿਆ ਹੈ ਅਤੇ ਇੱਥੇ ਵਿਸ਼ਵ-ਪੱਧਰੀ ਵਾਤਾਵਰਣ ਅਨੁਕੂਲ ਬੁਨਿਆਦੀ ਢਾਂਚੇ 'ਤੇ ਕੰਮ ਕੀਤਾ ਜਾ ਰਿਹਾ ਹੈ। ਇਹ ਵਿਸ਼ੇਸ਼ਤਾਵਾਂ ਟਿਕਾਊਪਨ ਦੇ ਉਨ੍ਹਾਂ ਮਾਪਦੰਡਾਂ ਨੂੰ ਦਰਸਾਉਂਦੀਆਂ ਹਨ, ਜਿਨ੍ਹਾਂ ਨੂੰ ਸਾਰੀਆਂ ਸੱਤ ਪਾਰਕ ਸਾਈਟਾਂ 'ਤੇ ਸਥਾਪਿਤ ਕੀਤਾ ਜਾ ਰਿਹਾ ਹੈ।

ਪੂਰੇ ਦੇਸ਼ ਵਿੱਚ ਇੱਕੋ ਸਮੇਂ ਕੰਮ ਸ਼ੁਰੂ ਹੋਣ ਨਾਲ ਸਹਿਕਾਰੀ ਸੰਘਵਾਦ ਦੀ ਤੇਜ਼ੀ ਅਤੇ ਸਫ਼ਲਤਾ ਦੋਵੇਂ ਸਾਫ਼ ਦਿਖਾਈ ਦਿੰਦੀਆਂ ਹਨ, ਜਿੱਥੇ ਸਾਰੇ ਸੱਤ ਰਾਜਾਂ ਨਾਲ ਸਮਝੌਤਾ ਪੱਤਰਾਂ 'ਤੇ ਦਸਤਖ਼ਤ ਕੀਤੇ ਗਏ ਹਨ, 100% ਜ਼ਮੀਨ ਐਕਵਾਇਰ ਹੋ ਚੁੱਕੀ ਹੈ ਅਤੇ ਵਾਤਾਵਰਨ ਨਾਲ ਜੁੜੀਆਂ ਮਨਜ਼ੂਰੀਆਂ ਵੀ ਮਿਲ ਗਈਆਂ ਹਨ। ਪੰਜ ਗ੍ਰੀਨਫੀਲਡ ਸਾਈਟਾਂ ਲਈ ਜੇਵੀ ਐਗਰੀਮੈਂਟ ਅਤੇ ਐੱਸਪੀਵੀ ਪੂਰੀ ਤਰ੍ਹਾਂ ਤਿਆਰ ਹਨ, ਜਿਸ ਨਾਲ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। 2,158 ਏਕੜ ਵਿੱਚ ਫੈਲੇ ਸਭ ਤੋਂ ਵੱਡੇ ਪਾਰਕ, ਧਾਰ (ਮੱਧ ਪ੍ਰਦੇਸ਼) ਵਿੱਚ 21,436.9 ਕਰੋੜ ਦੇ ਨਿਵੇਸ਼ ਵਿੱਚ ਦਿਲਚਸਪੀ ਦਿਖਾਈ ਗਈ ਹੈ। ਇਸੇ ਤਰ੍ਹਾਂ ਗੁਜਰਾਤ (13,084 ਕਰੋੜ), ਮਹਾਰਾਸ਼ਟਰ (12,925 ਕਰੋੜ), ਤਾਮਿਲਨਾਡੂ (6,600 ਕਰੋੜ), ਉੱਤਰ ਪ੍ਰਦੇਸ਼ (5,345.8 ਕਰੋੜ) ਅਤੇ ਕਰਨਾਟਕ (1,700 ਕਰੋੜ) ਵਿੱਚ ਵੀ ਕੰਮ ਨੂੰ ਲੈ ਕੇ ਤੇਜ਼ੀ ਦੇਖੀ ਗਈ ਹੈ। ਤੇਜ਼ੀ ਨਾਲ ਹੋ ਰਹੇ ਇਸ ਕੰਮ ਦੇ ਪਿੱਛੇ ਕੇਂਦਰੀ ਟੈਕਸਟਾਈਲ ਮੰਤਰੀ ਸ਼੍ਰੀ ਗਿਰੀਰਾਜ ਸਿੰਘ ਦੀ ਸਰਗਰਮ ਅਗਵਾਈ ਹੈ।



ਪਬਿੱਤਰਾ ਮਾਰਗਰੀਟਾ

ਉਨ੍ਹਾਂ ਦੀ ਕੁਸ਼ਲ ਅਗਵਾਈ ਹੇਠ ਟੈਕਸਟਾਈਲ ਮੰਤਰਾਲਾ ਆਪਣੇ ਕੰਮਕਾਜ ਦੇ ਤਰੀਕਿਆਂ ਵਿੱਚ ਤੇਜ਼ੀ ਲਿਆਇਆ ਹੈ, ਮੰਤਰਾਲੇ ਨੇ ਪ੍ਰਸ਼ਾਸਨਿਕ ਰੁਕਾਵਟਾਂ ਨੂੰ ਦੂਰ ਕੀਤਾ ਹੈ ਅਤੇ ਰਾਜ ਸਰਕਾਰਾਂ ਨਾਲ ਬੇਮਿਸਾਲ ਪੱਧਰ 'ਤੇ ਆਪਸੀ ਸਹਿਯੋਗ ਨੂੰ ਉਤਸ਼ਾਹਿਤ ਕੀਤਾ ਹੈ।

ਪਰ ਅੰਕੜੇ ਤਾਂ ਕਹਾਣੀ ਦਾ ਸਿਰਫ਼ ਇੱਕ ਹਿੱਸਾ ਦੱਸਦੇ ਹਨ, ਅਸਲੀ ਪੈਮਾਨਾ ਇਸ ਦੇ ਮਨੁੱਖੀ ਪ੍ਰਭਾਵ ਵਿੱਚ ਦਿਖਾਈ ਦਿੰਦਾ ਹੈ। ਹਰੇਕ ਪਾਰਕ ਨੂੰ ਢਾਂਚਾਗਤ ਰੂਪ ਵਿੱਚ ਇਸ ਤਰ੍ਹਾਂ ਤਿਆਰ ਕੀਤਾ ਗਿਆ ਹੈ ਕਿ ਇਸ ਨਾਲ ਲਗਭਗ 3 ਲੱਖ ਸਿੱਧੇ ਅਤੇ ਅਸਿੱਧੇ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ। ਯਾਨੀ ਸਾਰੇ ਸੱਤ ਸਥਾਨਾਂ ਨੂੰ ਮਿਲਾ ਕੇ, 21 ਲੱਖ ਤੋਂ ਵੱਧ ਰਸਮੀ ਰੁਜ਼ਗਾਰ ਹਨ, ਜੋ ਸਾਡੇ ਗ੍ਰਾਮੀਣ ਪਰਿਵਾਰਾਂ ਅਤੇ ਮਹਿਲਾਵਾਂ ਨੂੰ ਇੱਕ ਅਹਿਮ ਸਮਾਜਿਕ-ਆਰਥਿਕ ਨੀਂਹ ਪ੍ਰਦਾਨ ਕਰਦੀਆਂ ਹਨ, ਜੋ ਕਿ ਰਵਾਇਤੀ ਤੌਰ 'ਤੇ ਕੱਪੜਾ ਨਿਰਮਾਣ ਉਦਯੋਗ ਦੀ ਰੀੜ੍ਹ ਦੀ ਹੱਡੀ ਹਨ। ਇਹ ਵਿਆਪਕ ਢਾਂਚਾਗਤ ਯਤਨ ਟੈਕਸਟਾਈਲ ਖੇਤਰ ਦੇ ਉਤਸ਼ਾਹੀ 'ਵਿਜ਼ਨ 2030' ਲਈ ਇੱਕ ਮਹੱਤਵਪੂਰਨ ਲਾਂਚਪੈਡ ਦਾ ਕੰਮ ਕਰਦਾ ਹੈ, ਜਿਸ ਦਾ ਟੀਚਾ ਇਸ ਦਹਾਕੇ ਦੇ ਅੰਤ ਤੱਕ ਭਾਰਤ ਦੇ ਟੈਕਸਟਾਈਲ ਉਦਯੋਗ ਨੂੰ 350 ਬਿਲੀਅਨ ਡਾਲਰ ਦੀ ਗਲੋਬਲ ਮਹਾਸ਼ਕਤੀ ਵਿੱਚ ਬਦਲਣਾ ਹੈ। ਇਤਿਹਾਸਕ ਖਿੰਡਾਅ ਨੂੰ ਵਿਸ਼ਵ-ਪੱਧਰੀ, ਏਕੀਕ੍ਰਿਤ ਪੈਮਾਨੇ ਵਿੱਚ ਬਦਲ ਕੇ, ਪੀ. ਐੱਮ. ਮਿਤਰਾ ਇੱਕ ਵੱਡੀ ਢਾਂਚਾਗਤ ਤਬਦੀਲੀ ਲਿਆ ਰਿਹਾ ਹੈ। ਮਜ਼ਬੂਤ ਅਗਵਾਈ ਦੇ ਮਾਰਗਦਰਸ਼ਨ ਵਿੱਚ, ਅਸੀਂ ਭਾਰਤ ਨੂੰ ਕੱਪੜੇ ਦੇ ਇੱਕ ਬਿਨਾਂ ਕਿਸੇ ਸ਼ੱਕ, ਟਿਕਾਊ ਅਤੇ ਬੇਹੱਦ ਮੁਕਾਬਲੇਬਾਜ਼ ਕੇਂਦਰ ਵਜੋਂ ਸਥਾਪਿਤ ਕਰ ਰਹੇ ਹਾਂ।


**(ਲੇਖਕ ਕੇਂਦਰੀ ਟੈਕਸਟਾਈਲ ਰਾਜ ਮੰਤਰੀ ਹਨ। ਪ੍ਰਗਟ ਕੀਤੇ ਗਏ ਵਿਚਾਰ ਨਿੱਜੀ ਹਨ।)**

# ਸਵੱਛ ਊਰਜਾ ਦੀ ਵਰਤੋਂ ਨੂੰ ਉਤਸ਼ਾਹ - ਵਿਕਾਸਸ਼ੀਲ ਅਰਥ-ਵਿਵਸਥਾਵਾਂ ਦੀ ਤਰੱਕੀ ਦਾ ਵਿਵਹਾਰਕ ਰਾਹ

ਜ਼ਿਕਰ ਪੰਜਾਬ

**ਇਸੇ ਬਿੰਦੂ 'ਤੇ ਵਿਕਾਸਸ਼ੀਲ ਆਰਥਿਕਤਾਵਾਂ ਵਿਚਕਾਰ ਆਪਸੀ ਸਹਿਯੋਗ ਮਹੱਤਵਪੂਰਨ ਹੋ ਜਾਂਦਾ ਹੈ। ਬ੍ਰਿਕਸ ਦੇ ਮੈਂਬਰ ਦੇਸ਼ਾਂ ਵਿਚਕਾਰ ਬਿਹਤਰ ਸਹਿਯੋਗ ਨਾਲ ਸਵੱਛ ਊਰਜਾ ਨੂੰ ਅਪਣਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਾਲ-ਨਾਲ ਊਰਜਾ ਸੁਰੱਖਿਆ, ਸਥਿਰਤਾ ਅਤੇ ਸਮਾਵੇਸ਼ੀ ਵਿਕਾਸ ਦੇ ਸਾਂਝੇ ਟੀਚਿਆਂ ਨੂੰ ਵੀ ਅੱਗੇ ਵਧਾਇਆ ਜਾ ਸਕਦਾ ਹੈ।**

ਗਲੋਬਲ ਪੱਧਰ 'ਤੇ ਵਧਦੀ ਅਨਿਸ਼ਚਿਤਤਾ, ਊਰਜਾ ਦੀ ਵਧਦੀ ਮੰਗ ਅਤੇ ਜਲਵਾਯੂ ਨਾਲ ਜੁੜੀਆਂ ਗੰਭੀਰ ਚੁਣੌਤੀਆਂ ਦੇ ਇਸ ਦੌਰ ਵਿੱਚ, ਅੰਤਰਰਾਸ਼ਟਰੀ ਭਾਈਚਾਰੇ ਨੂੰ ਅਜਿਹੀਆਂ ਊਰਜਾ ਪ੍ਰਣਾਲੀਆਂ ਦਾ ਨਿਰਮਾਣ ਕਰਨ ਦੀ ਜ਼ਰੂਰਤ ਹੈ ਜੋ ਸਵੱਛ ਅਤੇ ਤੁਲਨਾਤਮਕ ਰੂਪ ਵਿੱਚ ਵਧੇਰੇ ਸੁਰੱਖਿਅਤ, ਸਸਤੀਆਂ ਤੇ ਭਰੋਸੇਮੰਦ ਹੋਣ ਦੇ ਨਾਲ-ਨਾਲ ਵਿਕਾਸਸ਼ੀਲ ਆਰਥਿਕਤਾਵਾਂ ਦੀਆਂ ਵਿਕਾਸ ਸੰਬੰਧੀ ਜ਼ਰੂਰਤਾਂ ਅਤੇ ਆਰਥਿਕ ਇੱਛਾਵਾਂ ਦੇ ਅਨੁਕੂਲ ਵੀ ਹੋਣ। ਸਵੱਛ ਊਰਜਾ ਅਸਲ ਵਿੱਚ ਊਰਜਾ ਸੁਰੱਖਿਆ, ਉਦਯੋਗਿਕ ਵਿਕਾਸ ਅਤੇ ਲੰਮੇ ਸਮੇਂ ਦੇ ਵਿਕਾਸ ਦੇ ਨਜ਼ਰੀਏ ਤੋਂ ਤੇਜ਼ੀ ਨਾਲ ਮਹੱਤਵਪੂਰਨ ਹੁੰਦੀ ਜਾ ਰਹੀ ਹੈ। ਇਹ ਈਂਧਨ ਬਾਜ਼ਾਰ ਵਿੱਚ ਆਉਣ ਵਾਲੇ ਉਤਾਰ-ਚੜ੍ਹਾਅ ਤੋਂ ਪੈਦਾ ਹੋਣ ਵਾਲੇ ਜੋਖਮਾਂ ਨੂੰ ਘੱਟ ਕਰ ਸਕਦੀ ਹੈ, ਊਰਜਾ ਨੂੰ ਵਧੇਰੇ ਸੁਲਭ ਬਣਾ ਸਕਦੀ ਹੈ, ਰੁਜ਼ਗਾਰ ਦੇ ਮੌਕੇ ਪੈਦਾ ਕਰ ਸਕਦੀ ਹੈ, ਘਰੇਲੂ ਉਦਯੋਗਾਂ ਨੂੰ ਮਜ਼ਬੂਤ ਕਰ ਸਕਦੀ ਹੈ ਅਤੇ ਦੇਸ਼ ਨੂੰ ਵਧੇਰੇ ਮਜ਼ਬੂਤ ਬਣਾ ਸਕਦੀ ਹੈ। ਫਿਰ ਵੀ, ਸਵੱਛ ਊਰਜਾ ਦੀ ਦਿਸ਼ਾ ਵਿੱਚ ਅੱਗੇ ਵਧਣ ਦੇ ਰਸਤੇ ਇੱਕੋ ਜਿਹੇ ਨਹੀਂ ਹੋ ਸਕਦੇ। ਇਨ੍ਹਾਂ ਰਸਤਿਆਂ ਨੂੰ ਰਾਸ਼ਟਰੀ ਹਾਲਾਤ, ਉਪਲਬਧ ਸਰੋਤਾਂ ਅਤੇ ਵਿਕਾਸ ਦੀਆਂ ਤਰਜੀਹਾਂ ਦੇ ਹਿਸਾਬ ਨਾਲ ਨਿਰਧਾਰਿਤ ਕੀਤਾ ਜਾਣਾ ਚਾਹੀਦਾ ਹੈ। ਇਸੇ ਬਿੰਦੂ 'ਤੇ ਵਿਕਾਸਸ਼ੀਲ ਆਰਥਿਕਤਾਵਾਂ ਵਿਚਕਾਰ ਆਪਸੀ ਸਹਿਯੋਗ ਮਹੱਤਵਪੂਰਨ ਹੋ ਜਾਂਦਾ ਹੈ। ਬ੍ਰਿਕਸ ਦੇ ਮੈਂਬਰ ਦੇਸ਼ਾਂ ਵਿਚਕਾਰ ਬਿਹਤਰ ਸਹਿਯੋਗ ਨਾਲ ਸਵੱਛ ਊਰਜਾ ਨੂੰ ਅਪਣਾਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਾਲ-ਨਾਲ ਊਰਜਾ ਸੁਰੱਖਿਆ, ਸਥਿਰਤਾ ਅਤੇ ਸਮਾਵੇਸ਼ੀ ਵਿਕਾਸ ਦੇ ਸਾਂਝੇ ਟੀਚਿਆਂ ਨੂੰ ਵੀ ਅੱਗੇ ਵਧਾਇਆ ਜਾ ਸਕਦਾ ਹੈ। ਭਾਰਤ ਦਾ ਆਪਣਾ ਤਜਰਬਾ ਇਹ ਦੱਸਦਾ ਹੈ ਕਿ ਸਵੱਛ ਊਰਜਾ ਦੀ ਸ਼ੁਰੂਆਤ ਲੋਕਾਂ ਤੋਂ ਹੀ ਹੋਣੀ ਚਾਹੀਦੀ ਹੈ। ਪਿਛਲੇ ਦਹਾਕੇ ਵਿੱਚ, 'ਪ੍ਰਧਾਨ ਮੰਤਰੀ ਸਹਿਜ ਬਿਜਲੀ ਹਰ ਘਰ ਯੋਜਨਾ' (ਸੌਭਾਗਯ) ਤਹਿਤ ਲਗਭਗ 28.6 ਮਿਲੀਅਨ ਘਰਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿੱਤੇ ਗਏ। ਇਸ ਨਾਲ ਸਾਰਿਆਂ ਤੱਕ ਬਿਜਲੀ ਪਹੁੰਚਾਉਣ ਦਾ ਕੰਮ ਅੱਗੇ ਵਧਿਆ ਅਤੇ ਗ੍ਰਾਮੀਣ ਤੇ ਘੱਟ ਸਹੂਲਤਾਂ ਵਾਲੇ ਇਲਾਕਿਆਂ ਵਿੱਚ ਲੋਕਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਇਆ। 'ਪ੍ਰਧਾਨ ਮੰਤਰੀ ਉੱਜਵਲਾ ਯੋਜਨਾ' (ਪੀਐੱਮਯੂਵਾਈ) ਤਹਿਤ ਮਹਿਲਾਵਾਂ ਨੂੰ 105 ਮਿਲੀਅਨ ਤੋਂ ਵੱਧ ਐੱਲਪੀਜੀ ਕਨੈਕਸ਼ਨ ਦਿੱਤੇ ਗਏ। ਇਸ ਨਾਲ ਖਾਣਾ ਬਣਾਉਣ ਦੇ ਸਾਫ਼-ਸੁਥਰੇ ਤਰੀਕਿਆਂ ਨੂੰ ਹੁਲਾਰਾ ਮਿਲਿਆ, ਘਰਾਂ ਵਿੱਚ ਸਿਹਤ ਬਿਹਤਰ ਹੋਈ ਅਤੇ ਸਖ਼ਤ ਮਿਹਨਤ ਦਾ ਬੋਝ ਘਟਿਆ। ਇਹ ਪਹਿਲਕਦਮੀਆਂ ਇੱਕ ਮਹੱਤਵਪੂਰਨ ਸਿਧਾਂਤ ਨੂੰ ਉਜਾਗਰ ਕਰਦੀਆਂ ਹਨ: ਸਵੱਛ ਊਰਜਾ ਨੂੰ ਅਪਣਾਉਣ ਦੀ ਪ੍ਰਕਿਰਿਆ ਨੂੰ ਸਿਰਫ਼ ਸਥਾਪਿਤ ਮੈਗਾਵਾਟ ਜਾਂ ਜੋੜੀ ਗਈ ਸਮਰੱਥਾ ਦੇ ਅਧਾਰ 'ਤੇ ਨਹੀਂ ਮਾਪਿਆ ਜਾ ਸਕਦਾ, ਸਗੋਂ ਇਸ ਨਾਲ ਪੈਦਾ ਹੋਏ ਮੌਕਿਆਂ, ਮਜ਼ਬੂਤ ਹੋਈ ਆਜੀਵਿਕਾ ਅਤੇ ਬਿਹਤਰ ਹੋਏ ਜੀਵਨ ਪੱਧਰ ਦੇ ਅਧਾਰ 'ਤੇ ਵੀ ਮਾਪਿਆ ਜਾਣਾ ਚਾਹੀਦਾ ਹੈ। ਲੋਕਾਂ ਨੂੰ ਤਰਜੀਹ ਦੇਣ ਵਾਲੇ ਇਸ ਦ੍ਰਿਸ਼ਟੀਕੋਣ ਦੇ ਨਾਲ-ਨਾਲ ਵੱਡੇ ਪੱਧਰ 'ਤੇ ਕੰਮ ਅਤੇ ਸਹਿਯੋਗੀ ਬੁਨਿਆਦੀ ਢਾਂਚੇ ਦੀ ਵੀ ਜ਼ਰੂਰਤ ਹੈ। ਭਾਰਤ ਦੀ ਸਵੱਛ ਊਰਜਾ ਦੀ ਕਹਾਣੀ ਵਿੱਚ ਅਖੁੱਟ ਊਰਜਾ ਮਹੱਤਵਪੂਰਨ ਹੋ ਗਈ ਹੈ। ਪਰ ਇਸ ਦੀ ਸਫ਼ਲਤਾ ਇਸ ਨੂੰ ਸਮਰਥਨ ਦੇਣ ਵਾਲੀਆਂ ਪ੍ਰਣਾਲੀਆਂ 'ਤੇ ਨਿਰਭਰ ਕਰਦੀ ਹੈ। ਸੂਰਜੀ ਅਤੇ ਪੌਣ ਊਰਜਾ ਨੂੰ ਤੇਜ਼ੀ ਨਾਲ ਅਪਣਾਇਆ ਜਾ ਸਕਦਾ ਹੈ, ਪਰ ਇਨ੍ਹਾਂ ਦੀ ਪੂਰੀ ਸਮਰੱਥਾ ਦਾ ਲਾਭ ਓਦੋਂ ਹੀ ਮਿਲ ਸਕੇਗਾ, ਜਦੋਂ ਪਾਰੇਸ਼ਣ (ਟ੍ਰਾਂਸਮਿਸ਼ਨ), ਵੰਡ (ਡਿਸਟ੍ਰੀਬਿਊਸ਼ਨ), ਭੰਡਾਰਨ (ਸਟੋਰੇਜ) ਅਤੇ ਗ੍ਰਿਡ ਪ੍ਰਬੰਧਨ ਇੱਕਜੁੱਟ ਹੋ ਕੇ ਕੰਮ ਕਰਨ। ਭਾਰਤ ਨੇ ਸਵੱਛ ਊਰਜਾ ਦੇ ਵਿਸਤਾਰ ਵਿੱਚ ਸਹਾਇਤਾ ਪ੍ਰਦਾਨ ਕਰਨ ਵਾਲੀਆਂ ਪ੍ਰਣਾਲੀਆਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਸ਼ਲਾਘਾਯੋਗ ਤਰੱਕੀ ਕੀਤੀ ਹੈ। ਟ?ਰਾਂਸਮਿਸ਼ਨ ਸੰਬੰਧੀ ਬੁਨਿਆਦੀ ਢਾਂਚੇ ਦਾ ਨਿਰੰਤਰ ਵਿਸਤਾਰ ਹੋਇਆ ਹੈ। ਇਸ ਦੇ ਨਾਲ ਹੀ ਊਰਜਾ ਦੇ ਭੰਡਾਰਨ ਅਤੇ ਗ੍ਰਿਡ ਦੀ ਲਚਕਤਾ ਦੇ ਖੇਤਰ ਵਿੱਚ ਵੀ ਨਿਵੇਸ਼ ਵਧਿਆ ਹੈ।



ਸ਼੍ਰੀਪਦ ਨਾਇਕ

ਵੰਡ ਸੰਬੰਧੀ ਸੁਧਾਰਾਂ ਅਤੇ ਉੱਨਤ ਗ੍ਰਿਡ ਤਕਨਾਲੋਜੀ ਨੂੰ ਅਪਣਾਉਣ ਨਾਲ ਇੱਕ ਅਜਿਹੀ ਬਿਹਤਰ ਅਤੇ ਭਰੋਸੇਮੰਦ ਊਰਜਾ ਪ੍ਰਣਾਲੀ ਬਣਾਉਣ ਵਿੱਚ ਮਦਦ ਮਿਲੀ ਹੈ, ਜੋ ਅਖੁੱਟ ਊਰਜਾ ਦੇ ਵਧਦੇ ਹਿੱਸੇ ਨੂੰ ਤਾਲਮੇਲ ਨਾਲ ਚਲਾਉਣ ਦੇ ਸਮਰੱਥ ਹੈ। ਭਾਰਤ ਦੀ ਗੈਰ-ਜੀਵਾਸ਼ਮ ਈਂਧਨ 'ਤੇ ਅਧਾਰਿਤ ਸਮਰੱਥਾ ਹੁਣ 288 ਗੀਗਾਵਾਟ ਤੋਂ ਵੱਧ ਹੋ ਗਈ ਹੈ। ਵੱਡੇ ਪੱਧਰ ਦੇ ਪ੍ਰੋਜੈਕਟਾਂ ਤੋਂ ਇਲਾਵਾ, ਵੰਡੀਆਂ ਗਈਆਂ ਅਖੁੱਟ ਊਰਜਾ ਪ੍ਰਣਾਲੀਆਂ - ਜਿਵੇਂ ਕਿ ਰੂਫਟੌਪ ਸੋਲਰ, ਸੋਲਰ ਪੰਪ, ਮਿੰਨੀ-ਗ੍ਰਿਡ ਅਤੇ ਮਾਈਕ੍ਰੋ-ਗ੍ਰਿਡ - ਗ੍ਰਾਮੀਣ ਅਤੇ ਘੱਟ ਸਹੂਲਤਾਂ ਵਾਲੇ ਇਲਾਕਿਆਂ ਵਿੱਚ ਸਵੱਛ ਊਰਜਾ ਨੂੰ ਹੋਰ ਵਧੇਰੇ ਸੁਲਭ ਬਣਾ ਰਹੀਆਂ ਹਨ। ਇਹ ਪ੍ਰਣਾਲੀਆਂ ਸਿੰਚਾਈ, ਕੋਲਡ ਸਟੋਰੇਜ, ਸਕੂਲਾਂ, ਸਿਹਤ ਕੇਂਦਰਾਂ ਅਤੇ ਸਥਾਨਕ ਕਾਰੋਬਾਰਾਂ ਨੂੰ ਮਦਦ ਪਹੁੰਚਾਉਣ ਦੇ ਨਾਲ-ਨਾਲ ਗ੍ਰਾਮੀਣ ਆਜੀਵਿਕਾ ਅਤੇ ਸਥਾਨਕ ਆਰਥਿਕ ਮਜ਼ਬੂਤੀ ਨੂੰ ਵੀ ਹੁਲਾਰਾ ਦੇ ਰਹੀਆਂ ਹਨ। ਭਾਰਤ ਦੀ 'ਪੀਐੱਮ ਸੂਰਯ ਘਰ: ਮੁਫ਼ਤ ਬਿਜਲੀ ਯੋਜਨਾ' ਵੱਡੇ ਪੱਧਰ 'ਤੇ ਇਸ ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ। ਇਸ ਯੋਜਨਾ ਤੋਂ ਹੁਣ ਤੱਕ ਲਗਭਗ 4 ਮਿਲੀਅਨ ਪਰਿਵਾਰਾਂ ਨੂੰ ਲਾਭ ਹੋਇਆ ਹੈ, ਜਿਸ ਨਾਲ ਉਪਭੋਗਤਾ ਵਧੇਰੇ ਵਿਕੇਂਦਰੀਕ੍ਰਿਤ ਅਤੇ ਭਾਗੀਦਾਰੀ ਵਾਲੀ ਊਰਜਾ ਪ੍ਰਣਾਲੀ ਵਿੱਚ ਯੋਗਦਾਨ ਪਾਉਣ ਵਾਲੇ ਬਣ ਸਕੇ ਹਨ। ਹਾਲਾਂਕਿ, ਸਵੱਛ ਊਰਜਾ ਦੇ ਵਿਸਤਾਰ ਵਿੱਚ ਵਿੱਤ ਪੋਸ਼ਣ ਸਭ ਤੋਂ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਬਣਿਆ ਰਹੇਗਾ। ਕਈ ਵਿਕਾਸਸ਼ੀਲ ਦੇਸ਼ਾਂ ਵਿੱਚ ਅਖੁੱਟ ਊਰਜਾ ਦੇ ਖੇਤਰ ਵਿੱਚ ਅਪਾਰ ਸੰਭਾਵਨਾਵਾਂ ਹਨ, ਪਰ ਇਨ੍ਹਾਂ ਸੰਭਾਵਨਾਵਾਂ ਨੂੰ ਵੱਡੇ ਪੱਧਰ 'ਤੇ ਲਾਗੂ ਕਰਨ ਅਤੇ ਬੈਂਕਾਂ ਤੋਂ ਲੋਨ ਲੈਣ ਯੋਗ ਪ੍ਰੋਜੈਕਟਾਂ ਵਿੱਚ ਬਦਲਣ ਹਿਤ ਸਸਤੀ ਅਤੇ ਲੰਮੇ ਸਮੇਂ ਦੀ ਪੂੰਜੀ ਦੀ ਜ਼ਰੂਰਤ ਹੁੰਦੀ ਹੈ। ਆਉਣ ਵਾਲੇ ਸਾਲਾਂ ਵਿੱਚ ਅਖੁੱਟ ਊਰਜਾ, ਵੰਡ ਸੰਬੰਧੀ ਬੁਨਿਆਦੀ ਢਾਂਚੇ, ਗ੍ਰਿਡ ਦੇ ਆਧੁਨਿਕੀਕਰਨ, ਭੰਡਾਰਨ ਪ੍ਰਣਾਲੀ ਅਤੇ ਘੱਟ ਊਰਜਾ ਦੀ ਖਪਤ ਕਰਨ ਵਾਲੀਆਂ ਤਕਨੀਕਾਂ ਵਿੱਚ ਨਿਵੇਸ਼ ਬੇਹੱਦ ਜ਼ਰੂਰੀ ਹੋਵੇਗਾ। 'ਨਿਊ ਡਿਵੈਲਪਮੈਂਟ ਬੈਂਕ' ਵਰਗੀਆਂ ਸੰਸਥਾਵਾਂ ਵਿੱਤ ਪੋਸ਼ਣ, ਤਕਨੀਕ ਸੰਬੰਧੀ ਭਾਈਵਾਲੀ ਅਤੇ ਸਮਰੱਥਾ ਵਿਕਾਸ ਦੇ ਜ਼ਰੀਏ ਵਿਕਾਸਸ਼ੀਲ ਦੇਸ਼ਾਂ ਦੀ ਮਦਦ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ। ਸਵੱਛ ਊਰਜਾ ਨਾਲ ਜੁੜੀਆਂ ਤਕਨੀਕਾਂ ਲਈ ਮਜ਼ਬੂਤ ਅਤੇ ਵਿਭਿੰਨ ਸਪਲਾਈ ਚੇਨ ਬਣਾਉਣਾ ਵੀ ਓਨਾਂ ਹੀ ਮਹੱਤਵਪੂਰਨ ਹੈ। ਵਿਕਾਸਸ਼ੀਲ ਆਰਥਿਕਤਾਵਾਂ ਲਈ ਸੁਰੱਖਿਅਤ, ਸਸਤੀਆਂ ਅਤੇ ਭਰੋਸੇਮੰਦ ਊਰਜਾ ਪ੍ਰਣਾਲੀਆਂ ਨੂੰ ਯਕੀਨੀ ਬਣਾਉਣ ਲਈ ਮੈਨੂਫੈਕਚਰਿੰਗ, ਤਕਨੀਕ, ਨਵੀਨਤਾ ਅਤੇ ਸਪਲਾਈ ਚੇਨ ਦੇ ਖੇਤਰਾਂ ਵਿੱਚ ਸਹਿਯੋਗ ਵਧਾਉਣਾ ਜ਼ਰੂਰੀ ਹੋਵੇਗਾ। ਹੁਣ ਜਦੋਂ ਕਿ ਬ੍ਰਿਕਸ ਦੀ ਭਾਰਤ ਦੀ ਪ੍ਰਧਾਨਗੀ ਅੱਗੇ ਵਧ ਰਹੀ ਹੈ, ਸਹਿਯੋਗ ਦੀ ਇੱਕ ਅਜਿਹੀ ਭਵਿੱਖਮੁਖੀ ਰੂਪ-ਰੇਖਾ ਨੂੰ ਮਜ਼ਬੂਤ ਕਰਨ ਦਾ ਮੌਕਾ ਹੈ ਜੋ ਸਮਰੱਥਾ, ਵੱਡੇ ਪੱਧਰ 'ਤੇ ਕੰਮ ਕਰਨ ਦੀ ਯੋਗਤਾ, ਭਰੋਸੇਯੋਗਤਾ, ਤਕਨੀਕ ਦੀ ਸੁਲਭਤਾ, ਮਜ਼ਬੂਤ ਸਪਲਾਈ ਚੇਨ ਅਤੇ ਟਿਕਾਊ ਵਿਕਾਸ ਦਾ ਸਮਰਥਨ ਕਰੇ। ਚੁਣੌਤੀ ਸਿਰਫ਼ ਸਵੱਛ ਊਰਜਾ ਦੀ ਸਮਰੱਥਾ ਨੂੰ ਵਧਾਉਣ ਦੀ ਹੀ ਨਹੀਂ ਹੈ, ਸਗੋਂ ਅਜਿਹੀ ਊਰਜਾ ਪ੍ਰਣਾਲੀ ਦੇ ਨਿਰਮਾਣ ਦੀ ਵੀ ਹੈ ਜੋ ਸਾਰਿਆਂ ਲਈ ਸੁਲਭ, ਕਿਫ਼ਾਇਤੀ ਅਤੇ ਭਰੋਸੇਮੰਦ ਹੋਣ ਦੇ ਨਾਲ-ਨਾਲ ਲੰਮੇ ਸਮੇਂ ਦੇ ਆਰਥਿਕ ਵਿਕਾਸ ਅਤੇ ਮਨੁੱਖੀ ਵਿਕਾਸ ਨੂੰ ਬਣਾਈ ਰੱਖਣ ਦੇ ਸਮਰੱਥ ਹੋਵੇ।

**(ਲੇਖਕ ਬਿਜਲੀ ਰਾਜ ਮੰਤਰੀ ਹਨ)**



# ਵਿਧਾਨ ਸਭਾ ਹਲਕਾ ਸੈਂਟਰਲ ਲੁਧਿਆਣਾ ਵਿਖੇ ਜਨਤਕ ਸੁਵਿਧਾ ਕੈਂਪ ਲਗਾਇਆ

ਜ਼ਿਕਰ ਪੰਜਾਬ
**ਲੁਧਿਆਣਾ/ਰਵੀ ਭਾਟੀਆ**

ਵਿਧਾਨ ਸਭਾ ਸੈਂਟਰਲ ਦੇ ਈਸਾ ਨਗਰੀ ਪੁਲ 'ਤੇ ਸਥਿਤ ਭਾਜਪਾ ਦਫ਼ਤਰ ਵਿਖੇ ਇੱਕ ਜਨਤਕ ਸੁਵਿਧਾ ਕੈਂਪ ਲਗਾਇਆ ਗਿਆ। ਪੰਜਾਬ ਭਾਜਪਾ ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਦੀ ਅਗਵਾਈ ਹੇਠ ਲਗਾਏ ਗਏ ਕੈਂਪ ਵਿੱਚ ਸੈਂਕੜੇ ਲੋਕਾਂ ਨੇ ਵੱਖ-ਵੱਖ ਸਰਕਾਰੀ ਸੇਵਾਵਾਂ ਦਾ ਲਾਭ ਉਠਾਇਆ। ਕੈਂਪ ਦੌਰਾਨ, ਆਧਾਰ ਕਾਰਡ ਨਾਲ ਸਬੰਧਤ ਕੰਮ ਕੀਤਾ ਗਿਆ। ਇਸ ਤੋਂ ਇਲਾਵਾ, ਯੋਗ ਨਾਗਰਿਕਾਂ ਲਈ ਜ਼ੀਰੋ-ਬੈਲੈਂਸ ਬੈਂਕ ਖਾਤੇ ਖੋਲ੍ਹੇ ਗਏ ਤਾਂ ਜੋ ਉਹ ਕੇਂਦਰ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਸਿੱਧਾ ਲਾਭ ਲੈ ਸਕਣ। ਕੈਂਪ ਵਿੱਚ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਬਾਰੇ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ, ਅਤੇ ਯੋਗ ਲਾਭਪਾਤਰੀਆਂ ਨੂੰ ਯੋਜਨਾਵਾਂ ਨਾਲ ਜੋੜਨ ਦੇ ਯਤਨ ਕੀਤੇ ਗਏ। ਪੰਜਾਬ

- **ਆਧਾਰ ਕਾਰਡ ਨਾਲ ਸਬੰਧਤ ਸੇਵਾਵਾਂ ਦੇ ਨਾਲ-ਨਾਲ ਜ਼ੀਰੋ-ਬੈਲੈਂਸ ਬੈਂਕ ਖਾਤੇ ਖੋਲ੍ਹੇ ਗਏ**
- **ਭਾਜਪਾ ਦਾ ਉਦੇਸ਼ ਸਿਰਫ਼ ਰਾਜਨੀਤੀ ਨਹੀਂ, ਸਗੋਂ ਸੇਵਾ ਹੈ : ਦੇਬੀ**

ਭਾਜਪਾ ਖਜ਼ਾਨਚੀ ਗੁਰਦੇਵ ਸ਼ਰਮਾ ਦੇਬੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਕੇਂਦਰ ਸਰਕਾਰ ਇਹ ਯਕੀਨੀ ਬਣਾਉਣ ਲਈ ਨਿਰੰਤਰ ਕੰਮ ਕਰ ਰਹੀ ਹੈ ਕਿ ਸਰਕਾਰੀ ਯੋਜਨਾਵਾਂ ਦਾ ਲਾਭ ਲਾਈਨ ਵਿੱਚ ਆਖਰੀ ਵਿਅਕਤੀ ਤੱਕ ਪਹੁੰਚੇ। ਭਾਜਪਾ ਦਾ ਉਦੇਸ਼ ਸਿਰਫ਼ ਰਾਜਨੀਤੀ ਨਹੀਂ ਹੈ, ਸਗੋਂ ਸਮਾਜ ਦੇ ਹਰ ਵਰਗ ਨੂੰ ਸੇਵਾ ਦੀ ਭਾਵਨਾ ਨਾਲ ਸਰਕਾਰੀ ਸੇਵਾਵਾਂ ਪ੍ਰਦਾਨ ਕਰਨਾ ਹੈ। ਅਜਿਹੇ ਜਨਤਕ ਸੁਵਿਧਾ ਕੈਂਪ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਉਨ੍ਹਾਂ ਨੂੰ ਸਰਕਾਰੀ ਯੋਜਨਾਵਾਂ ਨਾਲ ਜੋੜਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਸਾਬਤ ਹੋ ਰਹੇ ਹਨ। ਭਵਿੱਖ ਵਿੱਚ ਵੀ ਅਜਿਹੇ ਕੈਂਪ ਲਗਾਏ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੋਈ ਵੀ ਯੋਗ ਵਿਅਕਤੀ ਸਰਕਾਰੀ ਯੋਜਨਾਵਾਂ ਦੇ ਲਾਭਾਂ ਤੋਂ ਵਾਂਝਾ ਨਾ ਰਹੇ। ਕੈਂਪਾਂ ਵਿੱਚ ਆਉਣ ਵਾਲੇ ਦਰਸ਼ਕਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਦੀਪਕ ਜੌਹਰ, ਰਾਜੀਵ ਸ਼ਰਮਾ, ਅਮਿਤ ਮਿੱਤਲ, ਹਿਮਾਂਸ਼ੂ ਕਾਲੜਾ ਅਤੇ ਹੋਰ ਵੀ ਮੌਜੂਦ ਸਨ।

# ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਸਰਟੀਫਿਕੇਟ ਵੰਡ ਸਮਾਰੋਹ

ਜ਼ਿਕਰ ਪੰਜਾਬ
**ਲੁਧਿਆਣ/ਤਮੰਨਾ ਬੇਦੀ**

ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਊਟ ਵਿਖੇ 'ਸਮਰ ਕਰੈਸ਼ ਕੋਰਸ' ਪੂਰਾ ਹੋਣ 'ਤੇ 'ਸਰਟੀਫਿਕੇਟ ਵੰਡ ਸਮਾਰੋਹ' ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਇੰਸਟੀਚਿਊਟ ਦੇ ਵਿਦਿਆਰਥੀਆਂ ਨੇ ਬਾਲੀਵੁੱਡ ਸੰਗੀਤ, ਨ੍ਰਿਤ ਅਤੇ ਸਾਜ਼ ਦੀਆਂ ਪੇਸ਼ਕਾਰੀਆਂ ਕੀਤੀਆਂ। ਪ੍ਰੋਗਰਾਮ ਦੀ ਸ਼ੁਰੂਆਤ ਡੀਨ, ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਨੇ ਪਹੁੰਚੇ ਹੋਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਿਆ ਅਤੇ ਇੰਸਟੀਚਊਟ ਵਿਖੇ ਕਰਵਾਏ ਜਾ ਰਹੇ ਕੋਰਸਾਂ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਇੰਸਟੀਚਊਟ ਵਿਚ ਗਾਇਕੀ, ਨ੍ਰਿਤ ਅਤੇ ਹਰ ਤਰ੍ਹਾਂ ਦੇ ਸਾਜ਼ ਵਜਾਉਣ ਦੀ ਸਿਖਲਾਈ ਅਤੇ ਆਡੀਓ-ਵੀਡੀਓ ਤਕਨਾਲੋਜੀ ਆਦਿ ਦੇ ਕੋਰਸ ਪਾਠ-ਕ੍ਰਮ ਵਿਧੀ ਅਨੁਸਾਰ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਡਾਇਰੈਕਟਰ ਡਾ. ਚਰਨ ਕਮਲ ਸਿੰਘ ਹੁਰਾਂ ਦੀ ਯੋਗ ਅਗਵਾਈ ਵਿਚ ਅੱਜ ਦਾ ਇਹ ਸਮਾਗਮ ਉਲੀਕਿਆ ਗਿਆ ਹੈ, ਡਾਇਰੈਕਟਰ ਸਾਹਿਬ ਵਿਦੇਸ਼ ਦੌਰੇ ਤੇ



ਹੋਣ ਦੇ ਬਾਵਜੂਦ ਵੀ ਅੱਜ ਦੇ ਸਮਾਗਮ ਦਾ ਵੀਡੀਓ ਕਾਨਫਰੰਸ ਰਾਹੀਂ ਆਨੰਦ ਮਾਣ ਰਹੇ ਹਨ ਅਤੇ ਲਗਾਤਾਰ ਲੋੜੀਂਦੇ ਨਿਰਦੇਸ਼ ਦੇ ਕੇ ਇਸ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਤਤਪਰ ਹਨ। ਪ੍ਰੋਗਰਾਮ ਦੀ ਸ਼ੁਰੂਆਤ ਕਲਾਸੀਕਲ ਦੀ ਸਿਖਿਆਰਥਣ ਹਰਸਿਮਰਨ ਕੌਰ ਨੇ ਗੁਰਬਾਣੀ ਦੇ ਸ਼ਬਦ 'ਕਲਿਯੁਗ ਜਹਾਜ ਅਰਜਨ ਗੁਰੂ' ਨਾਲ ਕੀਤੀ। ਇਸ ਮੌਕੇ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਚ ਪ੍ਰਭਦੀਪ ਸਿੰਘ ਨੱਥੋਵਾਲ, ਡਿਪਟੀ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਉਚੇਚੇ ਤੌਰ ਤੇ ਬਤੌਰ ਮੁੱਖ ਮਹਿਮਾਨ ਪੁੱਜ ਕੇ ਸਿਖਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਕਿਹਾ ਕਿ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਦਿਆਰਥੀਆਂ ਵਿਚ ਕੋਮਲ ਕਲਾਵਾਂ ਉਜਾਗਰ ਕਰ ਰਿਹਾ ਹੈ ਜਿਸ ਨਾਲ ਭਵਿੱਖ ਦਾ ਸਮਾਜ ਇਕ-ਦੂਜੇ ਪ੍ਰਤੀ ਸੰਵੇਦਨਸ਼ੀਲ ਬਣਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਭਿਆਚਾਰਕ ਮਾਮਲੇ ਵਿਭਾਗ ਅਧੀਨ ਚੱਲ ਰਹੇ ਇਸ ਇੰਸਟੀਚਿਊਟ ਦਾ ਇਲਾਕਾ ਨਿਵਾਸੀਆਂ ਨੂੰ ਲਾਹਾ ਲੈਣਾ ਚਾਹੀਦਾ ਹੈ। ਉਨ੍ਹਾਂ ਕਰੈਸ ਕੋਰਸ ਦੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ੍ਰ. ਮੁਖਵਿੰਦਰ ਸਿੰਘ, ਉੱਘੇ ਯੂ.ਟਿਊਬ ਗਾਇਕ ਪਹੁੰਚੇ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਸਮਾਗਮ ਵਿਚ ਰਾਸ਼ੀ, ਜ਼ੀਨੀਅਲ, ਮੰਜੂ, ਬਲਦੇਵ ਸਿੰਘ, ਕਮਲਜੀਤ ਸਿੰਘ, ਗੁਰਪ੍ਰੀਤ ਸਿੰਘ, ਹਰਲਿਵ ਕੌਰ, ਹਰਦਿਆਲ, ਰਵਿੰਦਰ ਕੁਮਾਰ ਨੇ ਮਧੁਰ ਸੰਗੀਤ ਪੇਸ਼ ਕੀਤਾ। ਇੰਸਟੀਚਿਊਟ ਦੇ ਸਿਖਿਆਰਥੀਆਂ ਵੱਲੋਂ ਹਿਪਹਾਪ ਦੀ ਪੇਸ਼ਕਾਰੀ ਵਿਚ ਖੁਸ਼ੀ, ਮੁਸਕਾਨ, ਦਕਸ਼, ਪਰੀਜ਼ਾਦ ਨੇ ਬਹੁਤ ਦਿਲਕਸ਼ ਪੇਸ਼ਕਾਰੀ ਦਿੱਤੀ। ਕੀ-ਬੋਰਡ ਦੀ ਪੇਸ਼ਕਾਰੀ ਖੁਸ਼ਪ੍ਰੀਤ, ਨੀਜ਼ਲ, ਇਵਾਨ ਨੇ ਕੀਤੀ। ਡਰੰਮ ਦੀ ਪੇਸ਼ਕਾਰੀ ਲਿਸ਼ਕਾਰ ਵਲੋਂ ਹੋਈ। ਗਿਟਾਰ ਦੀ ਪੇਸ਼ਕਾਰੀ ਅਭੀਉਦੈ ਵਲੋਂ ਕੀਤੀ ਗਈ। ਕੱਥਕ ਦੀ ਪੇਸ਼ਕਾਰੀ ਆਦਿਆ, ਸਾਨਵੀ, ਦਿਵਿਆਂਸ਼ੀ, ਅਨਨਿਆ, ਜੋਯਲ ਨੇ ਬਹੁਤ ਬਾਖੂਬੀ ਨਾਲ ਨਿਭਾਈ। ਭੰਗੜੇ ਵਿਚ ਇਸ਼ਟਮੀਤ, ਪਾਹੁਲ, ਵਾਰਿਸ, ਮਨਅਸੀਸ, ਅਨਾਹਦ ਕੌਰ, ਅਸਰੀਤ, ਅਵਨੀਤ, ਗੁਰਸ਼ਰਨ, ਰੌਮਨ, ਹਰਸੀਰਤ, ਅਨਾਹਤ ਕੌਰ, ਹਰਮਨ, ਵਨਦੀਪ, ਨੀਜ਼ਲ, ਸਹਿਜ ਕੌਰ, ਅਵੀਰਾਜ, ਬਖਸ਼ੀਸ਼, ਅਵਨੂਰ, ਏਕਨਾਮ, ਏਕਰੂਪ ਨੇ ਸਰੋਤਿਆਂ ਦਾ ਮਨ ਮੋਹ ਲਿਆ। ਕਰੈਸ਼ ਕੋਰਸ ਦੇ ਸਿਖਿਆਰਥੀਆਂ ਨੇ 10 ਦਿਨਾਂ ਲਈ ਸਿਖਲਾਈ ਪ੍ਰਾਪਤ ਕੀਤੀ ਤੇ ਪੇਸ਼ਕਾਰੀਆਂ ਕੀਤੀਆਂ। ਇਸ ਦੇ ਨਾਲ ਹੀ ਜਿਹੜੇ ਸਿਖਿਆਰਥੀ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਊਟ ਵਿਖੇ ਲੰਮੇਰੇ ਸਮੇਂ ਤੋਂ ਸਿਖਿਆ ਲੈ ਰਹੇ ਹਨ ਉਨ੍ਹਾਂ ਦੀਆਂ ਪੇਸ਼ਕਾਰੀਆਂ ਸੁਣ ਕੇ ਸਰੋਤੇ ਅਸ਼-ਅਸ਼ ਕਰ ਉਠੇ। ਰੈਗੂਲਰ ਕੋਰਸ ਦੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੇਖ ਕੇ ਕਰੈਸ਼ ਕੋਰਸ ਦੇ ਬਹੁਤਾਤ ਸਿਖਿਆਰਥੀਆਂ ਨੇ ਵੀ ਰੈਗੂਲਰ ਕੋਰਸ ਵਿਚ ਦਾਖਲਾ ਕਰਵਾਉਣ ਦਾ ਵਾਅਦਾ ਕੀਤਾ। ਸਮਾਗਮ ਦੇ ਸਟੇਜ ਦਾ ਸੰਚਾਲਨ ਨ੍ਰਿਤ ਅਧਿਆਪਕਾ ਮਿਸਿਜ਼ ਸ਼ੀਤਲ ਸ਼ਰਮਾ ਨੇ ਬਾਖੂਬੀ ਕੀਤਾ।

# ਫਿਕੋ ਵੱਲੋਂ ਉਦਯੋਗਿਕ ਪਲਾਟਾਂ ਦੇ ਰਿਜ਼ਰਵ ਰੇਟਾਂ ਵਿੱਚ ਵਾਧੇ ਦਾ ਤਿੱਖਾ ਵਿਰੋਧ

ਜ਼ਿਕਰ ਪੰਜਾਬ
**ਲੁਧਿਆਣਾ/ਧੀਮਾਨ**

ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (ਫਿਕੋ) ਦੀ ਇੱਕ ਮੀਟਿੰਗ ਫਿਕੋ ਦੇ ਪ੍ਰਧਾਨ ਸ. ਗੁਰਮੀਤ ਸਿੰਘ ਕੁਲਾਰ ਦੀ ਅਗਵਾਈ ਹੇਠ ਅਤੇ ਸ. ਗਗਨੀਸ਼ ਸਿੰਘ ਖੁਰਾਨਾ, ਮੁਖੀ, ਖੇਤੀਬਾੜੀ ਸੰਦ ਡਿਵੀਜ਼ਨ, ਫਿਕੋ ਦੀ ਹਾਜ਼ਰੀ ਵਿੱਚ ਹੋਈ। ਮੀਟਿੰਗ ਵਿੱਚ ਪੰਜਾਬ ਸਮਾਲ ਇੰਡਸਟਰੀਜ਼ ਐਂਡ ਐਕਸਪੋਰਟ ਕਾਰਪੋਰੇਸ਼ਨ (ਪੀਐਸਆਈਈਸੀ) ਵੱਲੋਂ ਉਦਯੋਗਿਕ ਪਲਾਟਾਂ ਦੇ ਕਰੰਟ ਰਿਜ਼ਰਵ ਪ੍ਰਾਈਸ (ਸੀ.ਆਰ.ਪੀ.) ਵਿੱਚ ਕੀਤੇ ਗਏ ਹਾਲੀਆ ਵਾਧੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਮੀਟਿੰਗ ਵਿੱਚ ਉਦਯੋਗਿਕ ਪਲਾਟਾਂ ਦੇ ਰਿਜ਼ਰਵ ਰੇਟਾਂ ਵਿੱਚ ਕੀਤੇ ਮਨਮਾਨੇ ਵਾਧੇ ਦਾ ਸਖ਼ਤ ਵਿਰੋਧ ਕੀਤਾ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ



ਗਈ ਕਿ ਉਦਯੋਗਾਂ ਨਾਲ ਸੰਬੰਧਿਤ ਸਾਰੇ ਲੰਬਿਤ ਮਸਲੇ ਹੱਲ ਹੋਣ ਤੱਕ ਇਹ ਵਧੀਆਂ ਹੋਈਆਂ ਦਰਾਂ ਤੁਰੰਤ ਵਾਪਸ ਲਈਆਂ ਜਾਣ। ਸਦੱਸਾਂ ਨੇ ਕਿਹਾ ਕਿ ਅੱਜ ਵੀ ਪੀਐਸਆਈਈਸੀ ਨਾਲ ਸੰਬੰਧਿਤ ਕਈ ਮਹੱਤਵਪੂਰਨ ਮਸਲੇ ਸਾਲਾਂ ਤੋਂ ਲੰਬਿਤ ਪਏ ਹਨ। ਐਨ.ਓ.ਸੀ. ਜਾਰੀ ਨਹੀਂ ਕੀਤੀਆਂ ਗਈਆਂ, ਰੱਦ ਕੀਤੇ ਗਏ ਪਲਾਟਾਂ ਦੀ ਬਹਾਲੀ ਨਹੀਂ ਹੋਈ, ਅਤੇ ਉਦਯੋਗਿਕ ਫੋਕਲ ਪੁਆਇੰਟਾਂ ਦਾ ਵਿਕਾਸ ਵੀ ਅਧੂਰਾ ਪਿਆ ਹੈ। ਇਨ੍ਹਾਂ ਕਾਰਨਾਂ ਕਰਕੇ ਉਦਯੋਗਪਤੀਆਂ ਨੂੰ ਲਗਾਤਾਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮੀਟਿੰਗ ਵਿੱਚ ਇਹ ਵੀ ਚਿੰਤਾ ਜਤਾਈ ਗਈ ਕਿ ਸਰਕਾਰ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਪੀਐਸਆਈਈਸੀ ਦੇ ਬੋਰਡ ਆਫ ਡਾਇਰੈਕਟਰਜ਼ ਦੀ ਮੀਟਿੰਗ ਹਰ 15 ਦਿਨਾਂ ਬਾਅਦ ਕਰਵਾਈ ਜਾਵੇਗੀ, ਤਾਂ ਜੋ ਉਦਯੋਗਾਂ ਨਾਲ ਜੁੜੇ ਮਸਲਿਆਂ ਦਾ ਸਮੇਂ ਸਿਰ ਨਿਪਟਾਰਾ ਹੋ ਸਕੇ। ਪਰ ਇਹ ਭਰੋਸਾ ਵੀ ਪੂਰਾ ਨਹੀਂ ਕੀਤਾ ਜਾ ਰਿਹਾ, ਜਿਸ ਕਾਰਨ ਮਹੱਤਵਪੂਰਨ ਮਾਮਲੇ ਲਗਾਤਾਰ ਲੰਬਿਤ ਹਨ। ਫਿਕੋ ਨੇ ਕਿਹਾ ਕਿ ਉਦਯੋਗਾਂ ਦੇ ਵਿਕਾਸ, ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਲੰਬਿਤ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਸਰਕਾਰ ਸਿਰਫ਼ ਉਦਯੋਗਿਕ ਪਲਾਟਾਂ ਦੀਆਂ ਕੀਮਤਾਂ ਵਧਾਉਣ 'ਤੇ ਹੀ ਧਿਆਨ ਦੇ ਰਹੀ ਹੈ। ਇਸ ਨਾਲ ਪੰਜਾਬ ਵਿੱਚ ਨਵੇਂ ਨਿਵੇਸ਼ ਨੂੰ ਉਤਸ਼ਾਹ ਮਿਲਣ ਦੀ ਬਜਾਏ ਉਦਯੋਗਾਂ 'ਤੇ ਵਾਧੂ ਵਿੱਤੀ ਬੋਝ ਪਵੇਗਾ ਅਤੇ ਉਦਯੋਗਿਕ ਵਿਕਾਸ ਪ੍ਰਭਾਵਿਤ ਹੋਵੇਗਾ। ਫਿਕੋ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਦਯੋਗਾਂ 'ਤੇ ਵਾਧੂ ਆਰਥਿਕ ਬੋਝ ਪਾਉਣ ਦੀ ਬਜਾਏ ਉਦਯੋਗਿਕ ਖੇਤਰਾਂ ਦਾ ਵਿਕਾਸ ਕੀਤਾ ਜਾਵੇ, ਲੰਬਿਤ ਮਸਲਿਆਂ ਦਾ ਜਲਦੀ ਨਿਪਟਾਰਾ ਕੀਤਾ ਜਾਵੇ ਅਤੇ ਉਦਯੋਗ-ਪੱਖੀ ਮਾਹੌਲ ਯਕੀਨੀ ਬਣਾਇਆ ਜਾਵੇ। ਇਸ ਮੀਟਿੰਗ ਵਿੱਚ ਸ਼੍ਰੀ ਸਤਿਆ ਪਾਲ ਸੈਣੀ, ਸ਼੍ਰੀ ਜਸਮੀਤ ਸਿੰਘ ਅਤੇ ਸ. ਸੁਰਿੰਦਰ ਪਾਲ ਸਿੰਘ, ਕਾਰਜਕਾਰੀ ਮੈਂਬਰ, ਫਿਕੋ ਵੀ ਹਾਜ਼ਰ ਸਨ।

# ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮੀਟਿੰਗ ਹੋਈ



ਜ਼ਿਕਰ ਪੰਜਾਬ
**ਖੰਨਾ/ਮਨਜੀਤ ਸਿੰਘ ਧੀਮਾਨ**

ਸਾਹਿਤਕ ਸੰਸਥਾ ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਹੀਨਾਵਾਰ ਮੀਟਿੰਗ ਗਿਆਨੀ ਦਿੱਤ ਸਿੰਘ ਯਾਦਗਾਰੀ ਖਾਲਸਾ ਲਾਇਬ੍ਰੇਰੀ ਨੇੜੇ ਸੈਕੰਡਰੀ ਸਕੂਲ ਪਾਇਲ ਵਿਖੇ ਅਕਾਦਮੀ ਦੇ ਮੁਖੀ ਹਰਬੰਸ ਸਿੰਘ ਸ਼ਾਨ ਅਤੇ ਪ੍ਰਧਾਨ ਜਗਦੇਵ ਸਿੰਘ ਘੁੰਗਰਾਲੀ ਦੀ ਦੇਖ ਰੇਖ ਹੇਠ ਹੋਈ। ਗੁਰਬਾਣੀ ਸ਼ਬਦ ਦੀ ਵਿਆਖਿਆ ਬੜੇ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਗਈ। ਰਚਨਾਵਾਂ ਦੇ ਦੌਰ ਵਿੱਚ ਮੁਕੰਦ ਸਿੰਘ ਨਿਗਾਹੀ ਨੇ ਗੀਤ, ਨੇਤਰ ਸਿੰਘ ਨੇਤਰ ਨੇ ਕਵਿਤਾ ਬਹੁਰੂਪੀਏ,ਗੀਤਾ ਕੰਮੇਵਾਲਾ ਨੇ ਦੋਗਾਣਾ, ਨਰਿੰਦਰ ਸਿੰਘ ਮਣਕੂ ਨੇ ਕਵਿਤਾ ਬੋਹੜ, ਹਰਬੰਸ ਸਿੰਘ ਸ਼ਾਨ ਬਗਲੀ ਕਲਾਂ ਨੇ ਮਿੰਨੀ ਕਹਾਣੀ ਮੱਥਾ, ਸੁਖਦੇਵ ਸਿੰਘ ਕੁੱਕੂ ਘਲੋਟੀ ਨੇ ਗੀਤ ਨਸ਼ੇ, ਜਸਵੀਰ ਸਿੰਘ ਝੱਜ ਨੇ ਗੀਤ ਜਾਗ ਮਜਦੂਰਾ, ਮਨਜੀਤ ਸਿੰਘ ਧੰਜਲ ਨੇ ਕਵਿਤਾ ਮੈਂ ਨਾਸਤਿਕ ਹਾਂ, ਜਗਦੇਵ ਸਿੰਘ ਘੁੰਗਰਾਲੀ ਨੇ ਦੋਗਾਣਾ ਬਿਸ਼ਨਿਆ, ਮਨਦੀਪ ਸਿੰਘ ਮਾਣਕੀ ਨੇ ਗੀਤ ਦੋ ਪੈਰ ਘੱਟ ਤੁਰਨਾ, ਸ਼ੇਰਾ ਨਵੇਂ ਪਿੰਡੀਆ ਨੇ ਗੀਤ ਗੱਭਰੂ ਅਤੇ ਦੀਪ ਨਸਰਾਲੀ ਨੇ ਗੀਤ ਰੁੱਖ ਸੁਣਾ ਕੇ ਆਪਣੀ ਹਾਜ਼ਰੀ ਲਗਵਾਈ।

ਪੜੀਆਂ ਗਈਆਂ ਰਚਨਾਵਾਂ ਤੇ ਯੋਗ ਸੁਝਾਅ ਦਿੱਤੇ ਗਏ ਅਤੇ ਉਸਾਰੂ ਬਹਿਸ ਕੀਤੀ ਗਈ। ਅਖੀਰ ਵਿੱਚ ਸਭਾ ਵਿੱਚ ਆਏ ਸਾਰੇ ਹੀ ਸਾਹਿਤਕਾਰਾਂ ਦਾ ਨੇਤਰ ਸਿੰਘ ਨੇਤਰ ਵੱਲੋਂ ਧੰਨਵਾਦ ਕੀਤਾ ਗਿਆ।

# ਵੈਟਨਰੀ ਯੂਨੀਵਰਸਿਟੀ ਨੇ ਕੌਮੀ ਮੱਛੀ ਕਿਸਾਨ ਦਿਵਸ 'ਤੇ ਔਰਤ ਮੱਛੀ ਪਾਲਕਾਂ ਦਾ ਕੀਤਾ ਸਨਮਾਨ

ਜ਼ਿਕਰ ਪੰਜਾਬ
**ਲੁਧਿਆਣਾ/ਇੰਦਰਜੀਤ**

ਸੰਯੁਕਤ ਰਾਸ਼ਟਰ ਅੰਤਰਰਾਸ਼ਟਰੀ ਮਹਿਲਾ ਕਿਸਾਨ ਸਾਲ ਦੇ ਅਨੁਸਾਰ ਕੌਮੀ ਮੱਛੀ ਕਿਸਾਨ ਦਿਵਸ ਦੇ ਸੰਦਰਭ ਵਿੱਚ, ਕਾਲਜ ਆਫ਼ ਫਿਸ਼ਰੀਜ਼, ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਨੇ ਛੇ ਹੋਣਹਾਰ ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ, ਜੋ ਵੱਖ-ਵੱਖ ਰਵਾਇਤੀ ਅਤੇ ਆਧੁਨਿਕ ਤੀਬਰ ਜਲਜੀਵ-ਪਾਲਣ ਗਤੀਵਿਧੀਆਂ ਵਿੱਚ ਸ਼ਾਮਲ ਹਨ। ਇਨ੍ਹਾਂ ਗਤੀਵਿਧੀਆਂ ਵਿੱਚ ਮੱਛੀ ਪਾਲਣ, ਅੰਦਰੂਨੀ ਖਾਰੇ ਖੇਤਰਾਂ ਵਿੱਚ ਝੀਂਗਾ ਪਾਲਣ, ਸਜਾਵਟੀ ਮੱਛੀ ਪਾਲਣ, ਮੱਛੀ ਪਾਲਣ ਅਤੇ ਐਕੁਆ-ਟੂਰਿਜ਼ਮ, ਏਕੀਕ੍ਰਿਤ ਮੱਛੀ ਪਾਲਣ ਅਤੇ ਬਾਇਓਫਲੋਕ ਐਕੁਆਕਲਚਰ ਸ਼ਾਮਲ ਹਨ। ਇਹ ਦਿਵਸ ਹਰ ਸਾਲ 10 ਜੁਲਾਈ ਨੂੰ ਮਨਾਇਆ ਜਾਂਦਾ ਹੈ, ਜਿਸ ਦਿਨ 1957 ਵਿੱਚ ਡਾ. ਐਚ. ਐਲ. ਚੌਧਰੀ ਅਤੇ ਡਾ. ਕੇ. ਐਚ.



ਅਲੀਕੁਨਹੀ ਵੱਲੋਂ ਪ੍ਰੇਰਿਤ ਪ੍ਰਜਣਨ ਤਕਨੀਕ ਨਾਲ ਤਾਜ਼ੇ ਪਾਣੀ ਦੀ ਕਾਰਪ ਮੱਛੀ ਦਾ ਨਿਯੰਤਰਿਤ ਵਾਤਾਵਰਣ ਵਿੱਚ ਸਫਲਤਾਪੂਰਵਕ ਪ੍ਰਜਣਨ ਕੀਤਾ ਗਿਆ ਸੀ, ਜਿਸਨੇ ਭਾਰਤ ਵਿੱਚ ਨੀਲੀ ਕ੍ਰਾਂਤੀ ਦੀ ਸ਼ੁਰੂਆਤ ਕੀਤੀ। ਇਹ ਦਿਵਸ ਸਾਰੇ ਮੱਛੀ ਪਾਲਕਾਂ, ਮਛੇਰਿਆਂ ਅਤੇ ਹੋਰ ਹਿੱਸੇਦਾਰਾਂ ਨਾਲ ਸਾਂਝ ਨੂੰ ਦਰਸਾਉਂਦਾ ਹੈ। ਸਨਮਾਨਿਤ ਮੱਛੀ ਪਾਲਣ ਪੇਸ਼ੇਵਰ ਬੀਬੀਆਂ ਨੇ ਸਵੈ-ਨਿਰਭਰਤਾ ਦੀਆਂ ਆਪਣੀਆਂ ਪ੍ਰੇਰਨਾਦਾਇਕ ਕਹਾਣੀਆਂ ਸਾਂਝੀਆਂ ਕੀਤੀਆਂ ਅਤੇ ਮੱਛੀ ਪਾਲਣ ਖੇਤਰ ਦੀ ਉੱਦਮੀ ਸੰਭਾਵਨਾ ਅਤੇ ਇੱਕ ਸਫਲ ਉੱਦਮੀ ਬਣਨ ਦੇ ਸਫ਼ਰ ਵਿੱਚ ਆਉਣ ਵਾਲੀਆਂ ਚੁਣੌਤੀਆਂ ਨੂੰ ਦੂਰ ਕਰਨ ਲਈ ਸਹੀ ਮਾਨਸਿਕਤਾ ਨੂੰ ਉਜਾਗਰ ਕੀਤਾ। ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਦੱਸਿਆ ਕਿ ਭਾਰਤ ਵਿੱਚ, ਕੁੱਲ ਮੱਛੀ ਪਾਲਣ ਵਾਲਿਆਂ ਦੀ ਆਬਾਦੀ (ਮਛੇਰੇ ਅਤੇ ਮੱਛੀ ਪਾਲਕ) 2.80 ਕਰੋੜ ਵਿੱਚੋਂ, 44.28% (1.24 ਕਰੋੜ) ਔਰਤਾਂ ਹਨ, ਜੋ ਫਾਰਮ ਤੋਂ ਪਲੇਟ ਤਕ ਮੱਛੀ ਪਾਲਣ ਦੀ ਮੁੱਲ ਲੜੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਆਪਣੇ ਸਮਰੱਥਾ ਨਿਰਮਾਣ ਪ੍ਰੋਗਰਾਮਾਂ ਰਾਹੀਂ ਮਹਿਲਾ ਉੱਦਮਤਾ ਨੂੰ ਲਗਾਤਾਰ ਉਤਸ਼ਾਹਿਤ ਕਰ ਰਹੀ ਹੈ, ਜਿਸ ਵਿੱਚ ਉਤਪਾਦਨ ਤੋਂ ਲੈ ਕੇ ਮੁੱਲ ਵਾਧੇ ਤੱਕ ਤਕਨੀਕੀ ਸਹਿਯੋਗ ਅਤੇ ਵਿਸ਼ੇਸ਼ ਸਿਖਲਾਈ ਪ੍ਰੋਗਰਾਮ ਸ਼ਾਮਲ ਹਨ। ਸੀਨੀਅਰ ਸੈਕੰਡਰੀ ਵਿਗਿਆਨ ਦੇ ਸਕੂਲੀ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਲਈ ਇੱਕ ਸਿੱਖਿਆ ਕੋਨਾ ਅਤੇ ਆਕਰਸ਼ਕ ਸਜਾਵਟੀ ਮੱਛੀ ਪ੍ਰਦਰਸ਼ਨੀ ਵੀ ਸਥਾਪਤ ਕੀਤੀ ਗਈ ਸੀ, ਜਿਸ ਵਿੱਚ ਉਨ੍ਹਾਂ ਨੂੰ ਭੋਜਨ ਅਤੇ ਪੌਸ਼ਟਿਕ ਸੁਰੱਖਿਆ ਵਿੱਚ ਮੱਛੀ ਪਾਲਣ ਖੇਤਰ ਦੀ ਭੂਮਿਕਾ ਬਾਰੇ ਜਾਣੂ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਲਗਭਗ 250 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਨੂੰ ਮੱਛੀ ਪਾਲਣ ਦੇ ਸੰਭਾਵੀ ਅਕਾਦਮਿਕ ਪ੍ਰੋਗਰਾਮਾਂ, ਭਾਰਤ ਅਤੇ ਵਿਦੇਸ਼ਾਂ ਵਿੱਚ ਮੱਛੀ ਪਾਲਣ ਪੇਸ਼ੇਵਰਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਮੱਛੀ ਪਾਲਣ ਮੁੱਲ ਲੜੀ ਵਿੱਚ ਉੱਦਮੀ ਸੰਭਾਵਨਾਵਾਂ ਤੋਂ ਵੀ ਜਾਣੂ ਕਰਵਾਇਆ ਗਿਆ। ਨੀਲੀ ਕ੍ਰਾਂਤੀ ਵਿੱਚ ਔਰਤਾਂ ਦਾ ਯੋਗਦਾਨ ਅਤੇ ਮੱਛੀ ਪਾਲਕਾਂ ਨੂੰ ਸੁਦ੍ਰਿੜ ਬਣਾਉਣ ਲਈ ਮੱਛੀ ਦੀ ਖ਼ਪਤ ਨੂੰ ਉਤਸ਼ਾਹਿਤ ਕਰੋ ਵਿਸ਼ੇ 'ਤੇ ਵੱਖ-ਵੱਖ ਮਜ਼ੇਦਾਰ ਖੇਡਾਂ ਅਤੇ ਮੁਕਾਬਲੇ ਆਯੋਜਿਤ ਕੀਤੇ ਗਏ ਤਾਂ ਜੋ ਇਸ ਪ੍ਰੋਗਰਾਮ ਨੂੰ ਭਾਗੀਦਾਰਾਂ ਅਤੇ ਦਰਸ਼ਕਾਂ ਲਈ ਸਿੱਖਣ ਦਾ ਦਿਲਚਸਪ ਅਨੁਭਵ ਬਣਾਇਆ ਜਾ ਸਕੇ।

# ਆਰ. ਐਸ. ਮਾਡਲ ਸਕੂਲ ਵਿਖੇ ਵੈਦਿਕ ਭਾਸ਼ਣ ਮੁਕਾਬਲੇ ਕਰਵਾਏ



ਜ਼ਿਕਰ ਪੰਜਾਬ
**ਲੁਧਿਆਣਾ/ਧੀਮਾਨ**

ਆਰ ਐਸ ਮਾਡਲ ਸੀਨੀਅਰ ਸੈਕੰਡਰੀ ਸਕੂਲ ਸ਼ਾਸ਼ਤਰੀ ਨਗਰ ਦੀ ਮੁੱਖ ਅਧਿਆਪਿਕਾ ਸ਼੍ਰੀਮਤੀ ਸ਼ੁੱਭ ਲਤਾ ਦੀ ਰਹਿਨੁਮਾਈ ਅਤੇ ਵੇਦ ਪ੍ਰਚਾਰ ਮੰਡਲ ਦੇ ਸੂਬਾ ਜਨਰਲ ਸਕੱਤਰ ਸ਼੍ਰੀ ਰੋਸ਼ਨ ਲਾਲ ਆਰੀਆ ਜੀ ਦੀ ਸਰਪ੍ਰਸਤੀ ਹੇਠ ਸਥਾਨਕ ਆਰ. ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ, ਲੁਧਿਆਣਾ ਵਿਖੇ ਵੈਦਿਕ ਭਾਸ਼ਣ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਦੋ ਪੜਾਵਾਂ ਵਿੱਚ ਕਰਵਾਏ ਗਏ ਇਸ ਮੁਕਾਬਲੇ ਵਿੱਚ ਛੇਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਲਗਭਗ 800 ਵਿਦਿਆਰਥੀਆਂ ਨੇ ਭਾਗ ਲਿਆ। ਭਾਗੀਦਾਰਾਂ ਨੇ ਵੈਦਿਕ ਸੰਸਕ੍ਰਿਤੀ ਦੇ ਨਾਲ-ਨਾਲ ਮੌਜੂਦਾ ਸਮੇਂ ਦੀਆਂ ਵੱਖ-ਵੱਖ ਸਮਾਜਿਕ ਸਮੱਸਿਆਵਾਂ ਸੰਬੰਧੀ ਆਪਣੇ ਵਿਚਾਰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ। ਪਹਿਲੇ ਪੜਾਅ ਤੋਂ ਬਾਅਦ 50 ਵਿਦਿਆਰਥੀਆਂ ਦੀ ਚੋਣ ਅੰਤਿਮ ਪੜਾਅ ਲਈ ਕੀਤੀ ਗਈ, ਜਿੱਥੇ ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਭਾਸ਼ਣਾਂ ਨਾਲ ਸਭ ਦਾ ਮਨ ਮੋਹ ਲਿਆ। ਇਸ ਮੌਕੇ ਸਕੂਲ ਦੀ ਮੁੱਖ ਅਧਿਆਪਿਕਾ ਸ਼੍ਰੀਮਤੀ ਸ਼ੁੱਭ ਲਤਾ ਜੀ ਅਤੇ ਸ਼੍ਰੀ ਰੋਸ਼ਨ ਲਾਲ ਆਰਿਆ ਜੀ ਨੇ ਵਿਦਿਆਰਥੀਆਂ ਦਾ ਹੌਸਲਾ ਵਧਾਉਂਦਿਆਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਜਿਹੇ ਪ੍ਰੋਗਰਾਮ ਨੌਜਵਾਨ ਪੀੜ੍ਹੀ ਵਿੱਚ ਨੈਤਿਕ ਮੁੱਲਾਂ ਨੂੰ ਪ੍ਰਫੁੱਲਤ ਕਰਨ ਅਤੇ ਵੈਦਿਕ ਸੰਸਕ੍ਰਿਤੀ ਦੇ ਪ੍ਰਚਾਰ-ਪ੍ਰਸਾਰ ਲਈ ਬਹੁਤ ਹੀ ਸ਼ਲਾਘਾਯੋਗ ਹਨ। ਉਨ੍ਹਾਂ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਇਨ੍ਹਾਂ ਉੱਚੇ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ। ਮੁਕਾਬਲੇ ਵਿੱਚ ਸ਼੍ਰੀਮਤੀ ਪੂਜਾ ਮੋਦਗਿਲ (ਅੰਗਰੇਜ਼ੀ), ਸ਼੍ਰੀਮਤੀ ਬਲਵਿੰਦਰ ਕੌਰ (ਪੰਜਾਬੀ) ਅਤੇ ਸ਼੍ਰੀਮਤੀ ਅਰੁਣਾ ਭਾਰਦਵਾਜ (ਹਿੰਦੀ) ਨੇ ਜੱਜਾਂ ਦੀ ਭੂਮਿਕਾ ਨਿਭਾਈ। ਸਖ਼ਤ ਮੁਕਾਬਲੇ ਤੋਂ ਬਾਅਦ ਭਾਵਨਾ (ਜਮਾਤ ਬਾਰ੍ਹਵੀਂ-ਈ) ਨੇ ਪਹਿਲਾ, ਜਯਾ ਭਾਰਤੀ (ਜਮਾਤ ਗਿਆਰ੍ਹਵੀਂ-ਸੀ) ਨੇ ਦੂਜਾ ਅਤੇ ਕਿਰਨਜੋਤ ਕੌਰ (ਜਮਾਤ ਬਾਰ੍ਹਵੀਂ-ਬੀ) ਨੇ ਤੀਜਾ ਸਥਾਨ ਹਾਸਲ ਕੀਤਾ। ਐਂਜਲ (ਜਮਾਤ ਗਿਆਰ੍ਹਵੀਂ-ਈ) ਅਤੇ ਤਨਰੂਪ ਕੌਰ (ਜਮਾਤ ਦਸਵੀਂ-ਬੀ) ਨੂੰ ਹੌਸਲਾ ਅਫ਼ਜ਼ਾਈ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਸਾਰੇ ਜੇਤੂਆਂ ਨੂੰ ਸਰਟੀਫਿਕੇਟ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਵਿੱਚ ਸ਼ਾਂਤੀ ਪਾਠ ਨਾਲ ਸਮਾਗਮ ਦਾ ਸਮਾਪਤੀ ਹੋਈ।

# ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਅਗਵਾਈ ਹੇਠ ਆਪਰੇਸ਼ਨ ਪ੍ਰਹਾਰ 3.0 ਤਹਿਤ ਖੰਨਾ ਪੁਲਿਸ ਦੀ ਵੱਡੀ ਕਾਰਵਾਈ, 451 ਗ੍ਰਿਫਤਾਰੀਆਂ ਕੀਤੀਆਂ

ਜ਼ਿਕਰ ਪੰਜਾਬ
**ਖੰਨਾ/ਧੀਮਾਨ**

ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਸੰਗਠਿਤ ਅਪਰਾਧਾਂ ਵਿਰੁੱਧ ਚਲਾਈ ਜਾ ਰਹੀ ਵਿਸ਼ੇਸ਼ ਮੁਹਿੰਮ 'ਆਪਰੇਸ਼ਨ ਪ੍ਰਹਾਰ 3.0' ਤਹਿਤ ਖੰਨਾ ਪੁਲਿਸ ਨੇ ਅੱਜ ਪੁਲਿਸ ਜ਼ਿਲ੍ਹਾ ਖੰਨਾ ਵਿੱਚ ਵੱਡੇ ਪੱਧਰ 'ਤੇ ਤਾਲਮੇਲਬੱਧ ਕਾਰਵਾਈ ਕਰਦਿਆਂ ਅਪਰਾਧਿਕ ਗਤੀਵਿਧੀਆਂ 'ਤੇ ਸਖ਼ਤ ਨਕੇਲ ਕਸੀ। ਇਹ ਕਾਰਵਾਈ ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਖੰਨਾ ਡਾ. ਦਰਪਣ ਆਹਲੂਵਾਲੀਆ, ਆਈ.ਪੀ.ਐਸ. ਦੀ ਅਗਵਾਈ ਹੇਠ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਇੱਕੋ ਸਮੇਂ ਕੀਤੀ ਗਈ। ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਦੱਸਿਆ ਕਿ ਭਰੋਸੇਯੋਗ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਟੀਮਾਂ ਨੇ ਅਪਰਾਧੀਆਂ ਦੇ ਅੱਡਿਆਂ, ਸ਼ੱਕੀ ਥਾਵਾਂ ਅਤੇ ਲੁਕਣ ਵਾਲੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਇਸ ਵਿਸ਼ੇਸ਼ ਆਪਰੇਸ਼ਨ ਦੌਰਾਨ ਕੁੱਲ 451 ਗ੍ਰਿਫਤਾਰੀਆਂ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 326 ਸਬਸਟੈਂਟਿਵ ਗ੍ਰਿਫਤਾਰੀਆਂ, 111 ਪ੍ਰੀਵੈਂਟਿਵ ਗ੍ਰਿਫਤਾਰੀਆਂ, 10 ਭਗੌੜੇ ਮੁਲਜ਼ਮ (ਪੀ.ਓਜ਼) ਅਤੇ 4 ਗੈਂਗਸਟਰਾਂ ਦੇ ਸਾਥੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਕਾਰਵਾਈ ਦੌਰਾਨ ਪੁਲਿਸ ਨੇ ਨਸ਼ਾ



ਤਸਕਰਾਂ ਖ਼ਿਲਾਫ਼ ਵੱਡੀ ਸਫ਼ਲਤਾ ਹਾਸਲ ਕਰਦਿਆਂ 247.6 ਗ੍ਰਾਮ ਹੈਰੋਇਨ, 3 ਕਿਲੋ ਗਾਂਜਾ, 1.4 ਕਿਲੋ ਅਫ਼ੀਮ, 100 ਕਿਲੋ ਭੁੱਕੀ, 380 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ ਨਸ਼ਾ ਤਸਕਰੀ ਨਾਲ ਸਬੰਧਤ 13,250 ਰੁਪਏ ਦੀ ਨਕਦੀ ਬਰਾਮਦ ਕੀਤੀ। ਇਸ ਤੋਂ ਇਲਾਵਾ, ਚੋਰੀਸ਼ੁਦਾ ਸੰਪਤੀ ਦੀ ਬਰਾਮਦਗੀ ਵਿੱਚ 5 ਦੋ-ਪਹੀਆ ਵਾਹਨ, 1 ਚਾਰ-ਪਹੀਆ ਵਾਹਨ, 8 ਚੋਰੀਸ਼ੁਦਾ ਟਰੱਕ, 4 ਮੋਬਾਈਲ ਫੋਨ ਅਤੇ 1 ਚਾਂਦੀ ਦੀ ਚੇਨ ਬਰਾਮਦ ਕੀਤੀ ਗਈ। ਆਬਕਾਰੀ ਕਾਨੂੰਨ ਤਹਿਤ ਕਾਰਵਾਈ ਕਰਦਿਆਂ 153 ਲੀਟਰ ਗੈਰ-ਕਾਨੂੰਨੀ ਸ਼ਰਾਬ ਅਤੇ ਦੇਸੀ ਸ਼ਰਾਬ ਨੂੰ ਉੱਚ ਪੱਧਰੀ ਬ੍ਰਾਂਡਾਂ ਦੀਆਂ ਬੋਤਲਾਂ ਵਿੱਚ ਭਰਨ ਲਈ ਵਰਤੀਆਂ ਜਾਣ ਵਾਲੀਆਂ 160 ਖਾਲੀ ਬੋਤਲਾਂ ਵੀ ਜ਼ਬਤ ਕੀਤੀਆਂ ਗਈਆਂ। ਜੂਏ ਦੇ ਮਾਮਲਿਆਂ ਵਿੱਚ 6,320 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ। ਹਥਿਆਰਾਂ ਖ਼ਿਲਾਫ਼ ਮੁਹਿੰਮ ਦੌਰਾਨ ਪੁਲਿਸ ਨੇ ਦੋ .32 ਬੋਰ ਪਿਸਤੌਲ, ਚਾਰ ਜ਼ਿੰਦਾ ਕਾਰਤੂਸ ਅਤੇ ਤਿੰਨ ਦਾਤਾਰ/ਚਾਕੂ ਵੀ ਬਰਾਮਦ ਕੀਤੇ। ਐਸ.ਐਸ.ਪੀ. ਖੰਨਾ ਨੇ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਦੌਰਾਨ ਕਈ ਹੋਰ ਮਹੱਤਵਪੂਰਨ ਸਫ਼ਲਤਾਵਾਂ ਵੀ ਮਿਲੀਆਂ। ਪੁਲਿਸ ਨੇ ਦੋ ਗੈਰ-ਕਾਨੂੰਨੀ ਡੀ-ਐਡੀਕਸ਼ਨ ਸੈਂਟਰਾਂ ਦਾ ਪਰਦਾਫਾਸ਼ ਕੀਤਾ।

ਇਸ ਤੋਂ ਇਲਾਵਾ, ਬਿਨਾਂ ਲਾਇਸੈਂਸ ਅਤੇ ਪੁਰਾਣੇ ਅਪਰਾਧਿਕ ਇਤਿਹਾਸ ਵਾਲੇ ਵਿਅਕਤੀ ਵੱਲੋਂ ਗੈਰ-ਕਾਨੂੰਨੀ ਤਰੀਕੇ ਨਾਲ ਚਲਾਈ ਜਾ ਰਹੀ ਕੈਮਿਸਟ ਦੀ ਦੁਕਾਨ 'ਤੇ ਵੀ ਛਾਪਾ ਮਾਰਿਆ ਗਿਆ। ਪੁਲਿਸ ਨੇ ਇੱਕ ਅਜਿਹੇ ਗਿਰੋਹ ਦਾ ਵੀ ਪਰਦਾਫਾਸ਼ ਕੀਤਾ ਜੋ ਘੱਟ ਗੁਣਵੱਤਾ ਵਾਲੀ ਸ਼ਰਾਬ ਨੂੰ ਉੱਚ ਪੱਧਰੀ ਬ੍ਰਾਂਡਾਂ ਦੀਆਂ ਖਾਲੀ ਬੋਤਲਾਂ ਵਿੱਚ ਭਰ ਕੇ ਵੇਚਦਾ ਸੀ। ਇਸੇ ਤਰ੍ਹਾਂ ਇੱਕ ਹੋਰ ਗਿਰੋਹ ਦਾ ਭੰਡਾਫੋੜ ਕੀਤਾ ਗਿਆ ਜੋ ਚੋਰੀਸ਼ੁਦਾ ਵਾਹਨਾਂ ਦੇ ਇੰਜਣ ਅਤੇ ਚੈਸੀ ਨੰਬਰ ਬਦਲ ਕੇ ਉਨ੍ਹਾਂ ਨੂੰ ਕਾਨੂੰਨੀ ਸੈਕਿੰਡ ਹੈਂਡ ਵਾਹਨਾਂ ਵਜੋਂ ਵੇਚਦਾ ਸੀ। ਸਾਈਬਰ ਅਪਰਾਧਾਂ ਅਤੇ ਸੋਸ਼ਲ ਮੀਡੀਆ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਵੀ ਕਾਰਵਾਈ ਕੀਤੀ ਗਈ। ਹਥਿਆਰਾਂ, ਹਿੰਸਾ ਅਤੇ ਇਤਰਾਜ਼ਯੋਗ ਸਮੱਗਰੀ ਦਾ ਪ੍ਰਚਾਰ ਕਰਨ ਵਾਲੇ 100 ਸੋਸ਼ਲ ਮੀਡੀਆ ਯੂ.ਆਰ.ਐਲ ਨੂੰ ਕਾਰਵਾਈ ਲਈ ਸਟੇਟ ਸਾਈਬਰ ਕ੍ਰਾਈਮ ਸੈੱਲ ਨੂੰ ਭੇਜਿਆ ਗਿਆ ਹੈ। ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਪੰਜਾਬ ਪੁਲਿਸ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਹੋਰ ਮਜ਼ਬੂਤ ਬਣਾਉਣ ਅਤੇ ਨਸ਼ਾ, ਗੈਂਗਸਟਰਵਾਦ ਅਤੇ ਸੰਗਠਿਤ ਅਪਰਾਧਾਂ ਦਾ ਪੂਰੀ ਤਰ੍ਹਾਂ ਖ਼ਾਤਮਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਵਿਸ਼ੇਸ਼ ਮੁਹਿੰਮਾਂ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੀਆਂ ਅਤੇ ਅਪਰਾਧੀਆਂ ਖ਼ਿਲਾਫ਼ ਸਖ਼ਤ ਕਾਰਵਾਈ ਵਿੱਚ ਕੋਈ ਢਿੱਲ ਨਹੀਂ ਵਰਤੀ ਜਾਵੇਗੀ।

# ਸੁਖਨਾ ਲੇਕ 'ਤੇ ਨੁੱਕੜ ਨਾਟਕ ਦੇ ਜ਼ਰੀਏ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਬਾਰੇ ਜਾਗਰੂਕਤਾ ਫੈਲਾਈ

ਜ਼ਿਕਰ ਪੰਜਾਬ
**ਚੰਡੀਗੜ੍ਹ/ਪੀ.ਆਈ.ਬੀ**

ਚੋਣ ਵਿਭਾਗ, ਯੂਟੀ ਚੰਡੀਗੜ੍ਹ ਨੇ ਭਾਰਤ ਸਰਕਾਰ ਦੇ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦੇ ਕੇਂਦਰੀ ਸੰਚਾਰ ਬਿਊਰੋ ਦੇ ਸਹਿਯੋਗ ਨਾਲ ਅੱਜ ਸੁਖਨਾ ਲੇਕ 'ਤੇ ਸਪੈਸ਼ਲ ਇੰਟੈਂਸਿਵ ਰਿਵਿਜ਼ਨ ਬਾਰੇ ਜਾਗਰੂਕਤਾ ਫੈਲਾਉਣ ਦੇ ਉਦੇਸ਼ ਨਾਲ ਨੁੱਕੜ ਨਾਟਕ ਦਾ ਆਯੋਜਨ ਕੀਤਾ। ਨੁੱਕੜ ਨਾਟਕ ਦੇ ਜ਼ਰੀਏ ਕਲਾਕਾਰਾਂ ਨੇ ਇਲੈਕਟੋਰਲ ਰੋਲ ਨੂੰ ਅਪਡੇਟ ਰੱਖਣ ਦੇ ਮਹੱਤਵ 'ਤੇ ਪ੍ਰਕਾਸ਼ ਪਾਉਂਦੇ ਹੋਏ ਇਲੈਕਟਰਸ ਨੂੰ 14 ਜੁਲਾਈ 2026 ਦੀ ਆਖਰੀ ਮਿਤੀ ਤੋਂ ਪਹਿਲਾਂ ਆਪਣੇ ਗਣਨਾ ਫਾਰਮ ਜਮ?ਹਾਂ ਕਰਾਉਣ ਦੀ ਤਾਕੀਦ ਕੀਤੀ। ਇਸ ਪਹਿਲ ਦੀ ਸੁਖਨਾ ਲੇਕ 'ਤੇ ਆਏ ਨਾਗਰਿਕਾਂ ਨੇ ਸ਼ਲਾਘਾ ਕੀਤੀ। ਇਲੈਕਟਰਸ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਬੰਧਿਤ ਪੋਲਿੰਗ ਸਟੇਸ਼ਨ 'ਤੇ ਜਾ ਕੇ ਉਪਲਬਧ ਸਹਾਇਤਾ ਦਾ ਲਾਭ ਉਠਾਉਣ ਅਤੇ 14 ਜੁਲਾਈ 2026 ਤੱਕ ਆਪਣੇ ਗਣਨਾ ਫਾਰਮ ਜ਼ਰੂਰ ਜਮ੍ਹਾਂ ਕਰਵਾਉਣ। ਅਧਿਕ ਜਾਣਕਾਰੀ ਲਈ ਇਲੈਕਟਰਸ ਵੋਟਰ ਹੈਲਪਲਾਇਨ 1950 'ਤੇ ਸੰਪਰਕ ਕਰ ਸਕਦੇ ਹਨ ਜਾਂ ਈਸੀਆਈਨੈੱਟ (ਐਪ ਅਤੇ ਪੋਰਟਲ 'ਤੇ ਉਪਲਬਧ 'Book a Call with BLO' ਸੁਵਿਧਾ ਦਾ ਉਪਯੋਗ ਕਰਕੇ ਆਪਣੇ ਸਬੰਧਿਤ ਬੀਐੱਲਓ ਨਾਲ ਸੰਪਰਕ ਕਰ ਸਕਦੇ ਹਨ।



# ਲੋਕ ਮਿਲਣੀ ਪ੍ਰੋਗਰਾਮ ਸਰਕਾਰ ਤੇ ਲੋਕਾਂ ਵਿਚਕਾਰ ਸਿੱਧਾ ਸੰਪਰਕ ਬਣਾਉਣ ਦਾ ਪ੍ਰਭਾਵਸ਼ਾਲੀ ਮਾਧਿਅਮ : ਭਗਤ

**ਜਲੰਧਰ/ਬਲਵਿੰਦਰ ਕੁਮਾਰ**

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਅੱਜ ਭਾਰਗਵ ਕੈਂਪ, ਵਾਰਡ ਨੰਬਰ 44 ਵਿਖੇ ਲੋਕ ਮਿਲਣੀ ਪ੍ਰੋਗਰਾਮ ਦੌਰਾਨ ਇਲਾਕਾ ਵਾਸੀਆਂ ਨਾਲ ਰੂ-ਬਰੂ ਹੁੰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਲੋਕ ਮਿਲਣੀ ਪ੍ਰੋਗਰਾਮ ਸਰਕਾਰ ਅਤੇ ਲੋਕਾਂ ਵਿਚਕਾਰ ਸਿੱਧਾ ਸੰਪਰਕ ਬਣਾਉਣ ਦਾ ਪ੍ਰਭਾਵਸ਼ਾਲੀ ਮਾਧਿਅਮ ਹਨ, ਜਿਸ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ 'ਤੇ ਹੀ ਨੋਟਿਸ ਲੈ ਕੇ ਢੁਕਵੇਂ ਹੱਲ ਲਈ ਸਬੰਧਿਤ ਵਿਭਾਗਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ। ਭਗਤ ਨੇ ਕਿਹਾ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਮ ਲੋਕਾਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਪ੍ਰਦਾਨ ਕਰਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਸਮਾਂਬੱਧ ਹੱਲ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਉਦੇਸ਼ ਹਰ ਵਾਰਡ ਅਤੇ ਹਰ ਮੁਹੱਲੇ ਵਿੱਚ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਾ ਅਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿਥੇ ਵਿਕਾਸ ਦੀ ਰਫ਼ਤਾਰ ਨੂੰ ਤੇਜ਼ ਕੀਤਾ ਗਿਆ ਹੈ ਉਥੇ ਲੋਕ ਹਿੱਤ ਨਾਲ ਜੁੜੇ ਮਾਮਲਿਆਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਯਕੀਨੀ ਬਣਾਇਆ ਜਾ ਰਿਹਾ ਹੈ। ਇਸ ਮੌਕੇ ਇਲਾਕੇ ਦੇ ਲੋਕਾਂ ਨੇ ਸੜਕਾਂ, ਸੀਵਰੇਜ ਸਿਸਟਮ ਦੀ ਅਪਗ੍ਰੇਡੇਸ਼ਨ ਸਮੇਤ ਸਥਾਨਕ ਮੁੱਦੇ ਮੰਤਰੀ ਦੇ ਧਿਆਨ ਵਿੱਚ ਲਿਆਂਦੇ। ਉਨ੍ਹਾਂ ਇਲਾਕਾ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਸਾਰੇ ਜਾਇਜ਼ ਮੁੱਦਿਆਂ ਦਾ ਜਲਦ ਹੱਲ ਕਰਵਾਇਆ ਜਾਵੇਗਾ।

ਪ੍ਰੋਗਰਾਮ ਦੌਰਾਨ ਸਥਾਨਕ ਲੋਕਾਂ ਵੱਲੋਂ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਅਤੇ ਹੋਰ ਲੋੜਾਂ ਬਾਰੇ ਵੀ ਕੈਬਨਿਟ ਮੰਤਰੀ ਨੂੰ ਜਾਣੂ ਕਰਵਾਇਆ ਗਿਆ। ਜਿਸ 'ਤੇ ਭਗਤ ਨੇ ਸਬੰਧਿਤ ਅਧਿਕਾਰੀਆਂ ਰਾਹੀਂ ਯੋਗ ਕਾਰਵਾਈ ਦਾ ਭਰੋਸਾ ਦਿਵਾਇਆ। ਇਸ ਮੌਕੇ ਕੌਂਸਲਰ ਰਾਜ ਕੁਮਾਰ ਰਾਜੂ, ਵਾਰਡ ਇੰਚਾਰਜ ਵਿਕੀ ਕਾਕਾ, ਜੋਗਿੰਦਰ ਸਿੰਘ, ਸੁਮਨ ਬਾਲਾ, ਮਨੀ ਕੁਮਾਰ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਰੈਸ਼ਨਲਾਈਜ਼ੇਸ਼ਨ ਤੋਂ ਬਾਅਦ ਜ਼ਿਲ੍ਹੇ 'ਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1926 ਤੋਂ ਵਧਾ ਕੇ 1997 ਕਰਨ ਦੀ ਕੀਤੀ ਤਜਵੀਜ਼

**ਜਲੰਧਰ/ਬਲਵਿੰਦਰ ਕੁਮਾਰ**

ਭਾਰਤ ਚੋਣ ਕਮਿਸ਼ਨ ਵੱਲੋਂ ਸਪੈਸ਼ਲ ਇੰਟੈਂਸਿਵ ਰਵੀਜ਼ਨ (ਐੱਸ.ਆਈ.ਆਰ.)-2026 ਤਹਿਤ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ ਤੋਂ ਬਾਅਦ ਜਲੰਧਰ ਜ਼ਿਲ੍ਹੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1926 ਤੋਂ ਵਧਾ ਕੇ 1997 ਕਰਨ ਦੀ ਤਜਵੀਜ਼ ਹੈ। ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਵਰਜੀਤ ਵਾਲੀਆ ਨੇ ਇਸ ਸਬੰਧੀ ਅੱਜ ਵੱਖ-ਵੱਖ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਹਰ ਪੋਲਿੰਗ ਸਟੇਸ਼ਨ 'ਤੇ ਵੋਟਰਾਂ ਦੀ ਵੱਧ ਤੋਂ ਵੱਧ ਗਿਣਤੀ 1200 ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਰੈਸ਼ਨਲਾਈਜ਼ੇਸ਼ਨ ਦੀ ਪ੍ਰਕਿਰਿਆ ਪੂਰੀ ਕਰਦੇ ਹੋਏ ਲੋੜੀਂਦੀ ਤਜਵੀਜ਼ ਤਿਆਰ ਕੀਤੀ ਗਈ ਹੈ। ਵਾਲੀਆ ਨੇ ਕਿਹਾ ਕਿ ਇਸ ਦਾ ਉਦੇਸ਼ ਪੋਲਿੰਗ ਸਟੇਸ਼ਨਾਂ ਦਾ ਬਿਹਤਰ ਪ੍ਰਬੰਧਨ ਯਕੀਨੀ ਬਣਾਉਣਾ ਅਤੇ ਚੋਣਾਂ ਦੌਰਾਨ ਵੋਟਰਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਰੈਸ਼ਨਲਾਈਜ਼ੇਸ਼ਨ ਤੋਂ ਬਾਅਦ, ਜ਼ਿਲ੍ਹੇ ਵਿੱਚ 74 ਨਵੇਂ ਪੋਲਿੰਗ ਬੂਥਾਂ ਦੀ ਸਥਾਪਨਾ ਅਤੇ 3 ਪੋਲਿੰਗ ਬੂਥਾਂ ਨੂੰ ਮਰਜ ਕਰਨ ਉਪਰੰਤ ਜ਼ਿਲ੍ਹੇ ਵਿੱਚ ਪੋਲਿੰਗ ਸਟੇਸ਼ਨਾਂ ਦੀ ਗਿਣਤੀ 1926 ਤੋਂ ਵਧ ਕੇ 1997 ਹੋਣ ਦੀ ਤਜਵੀਜ਼ ਹੈ। ਇਹ ਤਜਵੀਜ਼ ਅੰਤਿਮ ਪ੍ਰਵਾਨਗੀ ਲਈ ਮੁੱਖ ਚੋਣ ਅਫ਼ਸਰ, ਪੰਜਾਬ ਨੂੰ ਭੇਜੀ ਜਾਵੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਸਾਰੇ ਚੋਣ ਰਜਿਸਟ?ਰੇਸ਼ਨ ਅਫ਼ਸਰਾਂ ਵੱਲੋਂ ਆਪਣੇ-ਆਪਣੇ ਵਿਧਾਨ ਸਭਾ ਹਲਕਿਆਂ ਵਿੱਚ ਪੋਲਿੰਗ ਸਟੇਸ਼ਨਾਂ ਦੀ ਸਮੀਖਿਆ ਕਰਨ ਤੋਂ ਬਾਅਦ ਨਵੇਂ ਪੋਲਿੰਗ ਬੂਥ ਸਥਾਪਤ ਕਰਨ, ਕੁਝ ਪੋਲਿੰਗ ਸਟੇਸ਼ਨਾਂ ਦੇ ਨਾਵਾਂ ਵਿੱਚ ਸੋਧ ਕਰਨ, ਇਮਾਰਤਾਂ ਵਿੱਚ ਤਬਦੀਲੀ ਕਰਨ ਸਬੰਧੀ ਤਜਵੀਜ਼ਾਂ ਤਿਆਰ ਕੀਤੀਆਂ ਗਈਆਂ ਹਨ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵਿਧਾਨ ਸਭਾ ਹਲਕਾ ਫਿਲੌਰ ਵਿੱਚ ਮੌਜੂਦਾ 242 ਪੋਲਿੰਗ ਸਟੇਸ਼ਨ ਹਨ ਅਤੇ ਰੈਸ਼ਨਲਾਈਜ਼ੇਸ਼ਨ ਉਪਰੰਤ 244 ਪੋਲਿੰਗ ਸਟੇਸ਼ਨ ਕਰਨ ਦੀ ਤਜਵੀਜ਼ ਹੈ।

# ਰਿਸ਼ਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਨੇ ਕੀਤਾ ਕਾਬੂ



**ਚੰਡੀਗੜ੍ਹ/ਡੀ.ਪੀ.ਆਰ**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਮਾਲ ਹਲਕਾ ਧੌਲ ਖੁਰਦ, ਸਬ- ਰਜਿਸਟਰਾਰ ਮਲੌਦ ਜ਼ਿਲ੍ਹਾ ਲੁਧਿਆਣਾ ਵਿਖੇ ਤਾਇਨਾਤ ਪਟਵਾਰੀ ਗੁਰਜੀਤ ਸਿੰਘ ਨੂੰ 3500 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਨੂੰ ਪਿੰਡ ਧੌਲ ਖੁਰਦ, ਥਾਣਾ ਮਲੌਦ, ਜ਼ਿਲ੍ਹਾ ਲੁਧਿਆਣਾ ਦੇ ਇੱਕ ਨਿਵਾਸੀ ਵੱਲੋਂ ਦਰਜ ਕਰਵਾਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਦੇ ਮਾਪਿਆਂ ਦੀ 2016 ਵਿੱਚ ਮੌਤ ਹੋ ਗਈ ਸੀ ਅਤੇ ਉਸਦੀ ਮਾਂ ਦੇ ਨਾਮ 'ਤੇ ਪਿੰਡ ਧੌਲ ਖੁਰਦ ਵਿੱਚ 3-ਬਿਸਵੇ ਦਾ ਪਲਾਟ ਸੀ। ਇਸ ਪਲਾਟ ਦਾ ਵਿਰਾਸਤੀ ਇੰਤਕਾਲ ਸ਼ਿਕਾਇਤਕਰਤਾ ਅਤੇ ਉਸਦੇ ਛੇ ਭੈਣ-ਭਰਾਵਾਂ ਨੂੰ ਤਬਦੀਲ ਕੀਤਾ ਜਾਣਾ ਸੀ। ਸ਼ਿਕਾਇਤਕਰਤਾ ਨੇ ਲੋੜੀਂਦੇ ਦਸਤਾਵੇਜ਼ ਤਿਆਰ ਕੀਤੇ ਅਤੇ ਪਟਵਾਰੀ ਗੁਰਜੀਤ ਸਿੰਘ ਨੂੰ ਸੌਂਪ ਦਿੱਤੇ। ਦੋਸ਼ੀ ਨੇ ਦਸਤਾਵੇਜ਼ ਲੈ ਲਏ ਅਤੇ ਇੰਤਕਾਲ ਕਰਵਾਉਣ ਲਈ 5,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਵੱਲੋਂ ਬੇਨਤੀ ਕਰਨ 'ਤੇ ਇੰਤਕਾਲ ਕਰਵਾਉਣ ਲਈ ਦੋਸ਼ੀ ਪਟਵਾਰੀ ਨਾਲ 3500 ਰੁਪਏ ਵਿੱਚ ਸੌਦਾ ਤੈਅ ਹੋ ਗਿਆ। ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਵੀ ਰਿਕਾਰਡ ਕਰ ਲਈ ਸੀ। ਗੈਰ-ਕਾਨੂੰਨੀ ਰਿਸ਼ਵਤ ਦੇਣ ਲਈ ਤਿਆਰ ਨਾ ਹੋਣ ਕਰਕੇ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਨਾਲ ਸੰਪਰਕ ਕੀਤਾ। ਉਸਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਦੋਸ਼ੀ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 3500 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧ ਵਿੱਚ, ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਵਿਖੇ ਦੋਸ਼ੀ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

# ਮਾਨਸੂਨ 'ਚ ਵਧ ਰਹੀਆਂ ਬੀਮਾਰੀਆਂ ਦਰਮਿਆਨ ਮੁੱਖ ਮੰਤਰੀ ਸਿਹਤ ਯੋਜਨਾ ਪੰਜਾਬ ਭਰ 'ਚ ਸਮੇਂ ਸਿਰ ਨਕਦੀ ਰਹਿਤ ਇਲਾਜ ਯਕੀਨੀ ਬਣਾ ਰਹੀ

**ਚੰਡੀਗੜ੍ਹ** : ਮਾਨਸੂਨ ਦੀਆਂ ਪਹਿਲੀਆਂ ਬੂੰਦਾਂ ਗਰਮੀ ਤੋਂ ਰਾਹਤ ਦਿੰਦੀਆਂ ਹਨ, ਪਰ ਇਸ ਨਾਲ ਲੋਕਾਂ ਦੀ ਸਿਹਤ ਲਈ ਚੁਣੌਤੀ ਭਰੇ ਮੌਸਮ ਦੀ ਸ਼ੁਰੂਆਤ ਵੀ ਹੁੰਦੀ ਹੈ। ਹਰ ਸਾਲ ਪੂਰੇ ਭਾਰਤ ਦੇ ਹਸਪਤਾਲਾਂ ਵਿਚ ਡੇਂਗੂ, ਮਲੇਰੀਆ ਤੇ ਬੁਖ਼ਾਰ ਨਾਲ ਸਬੰਧਤ ਹੋਰ ਬੀਮਾਰੀਆਂ ਵਧਦੀਆਂ ਹਨ। ਇਸ ਸਾਲ ਵੀ ਇਹੀ ਹਾਲਾਤ ਹਨ। ਅੰਮ੍ਰਿਤਸਰ ਦੀ 32 ਸਾਲਾ ਬਲਵਿੰਦਰ ਕੌਰ, ਇੱਕ ਲਾਭਪਾਤਰੀ, ਨੇ ਦੱਸਿਆ, "ਮੈਂ ਹਾਲ ਹੀ ਵਿੱਚ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ 8400 ਰੁਪਏ ਦਾ ਇਲਾਜ ਕਰਵਾਇਆ ਹੈ। ਬਲਵਿੰਦਰ ਕੌਰ ਨੂੰ ਉਦੋਂ ਹਸਪਤਾਲ ਲਿਜਾਇਆ ਗਿਆ ਜਦੋਂ ਉਸ ਦਾ ਬੁਖ਼ਾਰ ਬਹੁਤ ਵਧ ਗਿਆ ਸੀ। ਉਸ ਨੇ ਕਿਹਾ, "ਹਸਪਤਾਲ ਸਟਾਫ਼ ਨੇ ਮੈਨੂੰ ਮੁੱਖ ਮੰਤਰੀ ਸਿਹਤ ਯੋਜਨਾ ਵਿੱਚ ਰਜਿਸਟਰ ਕਰਵਾਉਣ 'ਚ ਮਦਦ ਕੀਤੀ। ਮੈਂ ਕੱਪੜੇ ਸਿਲਾਈ ਨਾਲ ਆਪਣਾ ਗੁਜ਼ਾਰਾ ਕਰਦੀ ਹਾਂ, ਇਸ ਯੋਜਨਾ ਨੇ ਸਮੇਂ ਸਿਰ ਇਲਾਜ ਤੇ ਆਰਥਿਕ ਮਦਦ ਨਾਲ ਮੇਰਾ ਬੋਝ ਘਟਾਇਆ ਅਤੇ ਮੈਂ ਆਪਣੀ ਰਿਕਵਰੀ 'ਤੇ ਧਿਆਨ ਦੇ ਸਕੀ। ਮੈਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚਲਾਈ ਇਸ ਸਿਹਤ ਯੋਜਨਾ ਲਈ ਧੰਨਵਾਦੀ ਹਾਂ, ਕਿਉਂਕਿ ਇਹ ਅਸਲ ਲੋੜ ਵੇਲੇ ਪਰਿਵਾਰਾਂ ਦਾ ਸਾਥ ਦਿੰਦੀ ਹੈ। 2025 ਵਿੱਚ ਵਿੱਚ ਕੀਤੇ ਗਏ ਇੱਕ ਭਾਰਤੀ ਹਸਪਤਾਲ ਅਧਿਐਨ ਵਿੱਚ ਪਾਇਆ ਗਿਆ ਕਿ ਮਾਨਸੂਨ ਦੌਰਾਨ ਦਾਖ਼ਲ ਕੀਤੇ ਗਏ ਮਰੀਜ਼ਾਂ ਵਿੱਚ ਐਕਿਊਟ ਫੈਬਰਾਈਲ ਇਲਨੈੱਸ ਦਾ ਸਭ ਤੋਂ ਆਮ ਕਾਰਨ ਡੇਂਗੂ ਸੀ। ਇਹ ਨਤੀਜੇ ਦਰਸਾਉਂਦੇ ਹਨ ਕਿ ਸਮੇਂ ਸਿਰ ਜਾਂਚ ਅਤੇ ਤੁਰੰਤ ਇਲਾਜ ਬਹੁਤ ਜ਼ਰੂਰੀ ਹਨ, ਕਿਉਂਕਿ ਮਾਨਸੂਨ ਨਾਲ ਜੁੜੀਆਂ ਕਈ ਬੀਮਾਰੀਆਂ ਦੀ ਸ਼ੁਰੂਆਤ ਇੱਕੋ ਜਿਹੇ ਲੱਛਣਾਂ ਨਾਲ ਹੁੰਦੀ ਹੈ। ਡਾਕਟਰ ਲੋਕਾਂ ਨੂੰ ਲਗਾਤਾਰ ਹੋ ਰਹੇ ਬੁਖ਼ਾਰ ਨੂੰ ਨਜ਼ਰਅੰਦਾਜ਼ ਨਾ ਕਰਨ ਦੀ ਅਪੀਲ ਕਰ ਰਹੇ ਹਨ, ਜਦਕਿ ਪੰਜਾਬ ਵਿਚ ਮੁੱਖ ਮੰਤਰੀ ਸਿਹਤ ਯੋਜਨਾ ਯੋਗ ਪਰਿਵਾਰਾਂ ਨੂੰ ਬਿਨਾਂ ਹਸਪਤਾਲ ਬਿਲ ਦੀ ਚਿੰਤਾ ਤੋਂ ਕੈਸ਼ਲੈੱਸ ਇਲਾਜ ਮੁਹੱਈਆ ਕਰਵਾ ਰਹੀ ਹੈ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਰਕਾਰ ਨੇ ਮੱਛਰਾਂ ਤੇ ਪਾਣੀ ਰਾਹੀਂ ਫ਼ੈਲਣ ਵਾਲੀਆਂ ਮੌਸਮੀ ਬੀਮਾਰੀਆਂ 'ਚ ਹੋਣ ਵਾਲੇ ਵਾਧੇ ਨਾਲ ਨਜਿੱਠਣ ਲਈ ਨਿਗਰਾਨੀ, ਹਸਪਤਾਲ ਤਿਆਰੀ ਤੇ ਟੈਸਟਿੰਗ ਸਹੂਲਤਾਂ ਮਜ਼ਬੂਤ ਕੀਤੀਆਂ ਹਨ। ਉਨ੍ਹਾਂ ਲੋਕਾਂ ਨੂੰ ਸਾਧਾਰਨ ਰੋਕਥਾਮ ਵਾਲੇ ਉਪਾਅ ਅਪਣਾਉਣ ਦੀ ਅਪੀਲ ਕੀਤੀ, ਜਿਵੇਂ ਆਲੇ-ਦੁਆਲੇ ਖੜ੍ਹੇ ਪਾਣੀ ਨੂੰ ਸਾਫ਼ ਕਰਨਾ ਤੇ ਬੁਖਾਰ ਦੇ ਪਹਿਲੇ ਲੱਛਣ ਵੇਖਦਿਆਂ ਹੀ ਡਾਕਟਰੀ ਸਲਾਹ ਲੈਣਾ। ਡਾ. ਬਲਬੀਰ ਸਿੰਘ ਨੇ ਕਿਹਾ,"ਪਾਣੀ ਰਾਹੀਂ ਫੈਲਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਘਰ ਤੋਂ ਹੀ ਸ਼ੁਰੂ ਹੁੰਦੀ ਹੈ। ਜਿੱਥੇ ਮੱਛਰ ਪੈਦਾ ਹੋਣ ਤੋਂ ਰੋਕਣ ਵਿੱਚ ਹਰ ਪਰਿਵਾਰ,ਸਕੂਲ ਤੇ ਭਾਈਚਾਰੇ ਦੀ ਆਪਣੀ ਭੂਮਿਕਾ ਹੈ। ਉੱਥੇ ਅਸੀਂ ਲੋਕਾਂ ਨੂੰ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਯੋਗ ਲਾਭਪਾਤਰੀ ਬਿਨਾਂ ਖ਼ਰਚੇ ਦੀ ਫ਼?ਕਰ ਤੋਂ ਸਮੇਂ ਸਿਰ ਇਲਾਜ ਕਰਵਾ ਸਕਦੇ ਹਨ। ਡਾ. ਰਾਜ ਕੁਮਾਰ (ਐੱਮ.ਡੀ. ਮੈਡੀਸਨ), ਸੀਨੀਅਰ ਮੈਡੀਕਲ ਅਫ਼ਸਰ, ਕਮਿਊਨਿਟੀ ਹੈਲਥ ਸੈਂਟਰ, ਵੇਰਕਾ, ਪੰਜਾਬ ਨੇ ਕਿਹਾ ਕਿ ਮਰੀਜ਼ ਅਕਸਰ ਹਰ ਬੁਖ਼ਾਰ ਨੂੰ ਆਮ ਵਾਇਰਲ ਇਨਫੈਕਸ਼ਨ ਸਮਝ ਲੈਣ ਦੀ ਗ਼ਲਤੀ ਕਰਦੇ ਹਨ। ਉਨ੍ਹਾਂ ਕਿਹਾ,"ਹਰ ਮਾਨਸੂਨ ਅਸੀਂ ਅਜਿਹੇ ਮਰੀਜ਼ ਦੇਖਦੇ ਹਾਂ ਜੋ ਤਿੰਨ-ਚਾਰ ਦਿਨ ਘਰ ਬੈਠੇ ਆਪਣਾ ਇਲਾਜ ਆਪ ਕਰਨ ਤੋਂ ਬਾਅਦ ਆਉਂਦੇ ਹਨ। ਉਸ ਵੇਲੇ ਤੱਕ ਉਨ੍ਹਾਂ ਵਿੱਚ ਡੀਹਾਈਡ੍ਰੇਸ਼ਨ ਜਾਂ ਡੇਂਗੂ ਦੇ ਚਿਤਾਵਨੀ ਲੱਛਣ ਨਜ਼ਰ ਆਉਣ ਲੱਗਦੇ ਹਨ। ਇੱਕ ਸਧਾਰਨ ਖ਼ੂਨ ਦਾ ਟੈਸਟ ਤੇ ਜਲਦੀ ਇਲਾਜ ਗੰਭੀਰ ਸਿਹਤ ਜਟਿਲਤਾਵਾਂ ਤੋਂ ਬਚਾ ਸਕਦਾ ਹੈ। ਪਹਿਲੇ 48 ਘੰਟੇ ਬੇਹੱਦ ਮਹੱਤਵਪੂਰਨ ਹੁੰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਬਰਸਾਤੀ ਮੌਸਮ ਵਿੱਚ ਡੇਂਗੂ ਇੱਕੋ-ਇੱਕ ਸਮੱਸਿਆ ਨਹੀਂ ਹੈ। ਉਨ੍ਹਾਂ ਕਿਹਾ,"ਮਾਨਸੂਨ ਵਿੱਚ ਮਲੇਰੀਆ, ਟਾਇਫ਼ਾਈਡ, ਵਾਇਰਲ ਹੈਪੇਟਾਈਟਿਸ ਤੇ ਐਕਿਊਟ ਗੈਸਟ੍ਰੋਐਂਟਰਾਈਟਿਸ ਵੀ ਆਮ ਹਨ। ਲੱਛਣ ਇੱਕੋ ਜਿਹੇ ਹੋਣ ਕਰਕੇ ਲੋਕਾਂ ਨੂੰ ਖ਼ੁਦ ਦਵਾਈ ਲੈਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤੇ ਬੁਖ਼ਾਰ ਲਗਾਤਾਰ ਰਹਿਣ 'ਤੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ। ਸਮੇਂ ਸਿਰ ਜਾਂਚ 'ਚ ਹੀ ਮਰੀਜ਼ ਦਾ ਬਚਾ ਹੈ। ਡਾ. ਰਾਜ ਕੁਮਾਰ ਨੇ ਅੱਗੇ ਇਹ ਵੀ ਕਿਹਾ ਸ਼ੁਰੂਆਤੀ ਪੜਾਅ ਵਿੱਚ ਇਸ ਤਰ੍ਹਾਂ ਦੇ ਬੁਖ਼ਾਰਾਂ ਦਾ ਇਲਾਜ ਕਮਿਊਨਿਟੀ ਹੈਲਥ ਸੈਂਟਰ (ਸੀਐਚਸੀ) ਦੇ ਨਾਲ-ਨਾਲ ਪ੍ਰਾਈਮਰੀ ਹੈਲਥ ਸੈਂਟਰਾਂ (ਪੀਐਚਸੀ) ਵਿੱਚ ਵੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੁਰੱਖਿਅਤ ਤੇ ਪ੍ਰਭਾਵੀ ਢੰਗ ਨਾਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜਲਦੀ ਜਾਂਚ ਤੇ ਸਮੇਂ ਸਿਰ ਇਲਾਜ ਨਾਲ ਜਟਿਲਤਾਵਾਂ ਘੱਟ ਹੁੰਦੀਆਂ ਹਨ ਤੇ ਵੱਡੇ ਹਸਪਤਾਲਾਂ ਵਿੱਚ ਰੈਫ਼ਰਲ ਦੀ ਲੋੜ ਘਟਦੀ ਹੈ। ਸਟੇਟ ਹੈਲਥ ਏਜੰਸੀ (ਐਸਐਚਏ) ਵੱਲੋਂ ਸਾਂਝੇ ਕੀਤੇ ਗਏ ਮੁੱਖ ਮੰਤਰੀ ਸਿਹਤ ਯੋਜਨਾ ਦੇ ਤਾਜ਼ਾ ਅੰਕੜੇ ਮੌਸਮੀ ਰੁਝਾਨ ਨੂੰ ਦਰਸਾਉਂਦੇ ਹਨ। 6 ਜੁਲਾਈ 2026 ਤੱਕ ਦੇ ਅੰਕੜਿਆਂ ਮੁਤਾਬਕ, ਐਕਿਊਟ ਫੈਬਰਾਈਲ ਇਲਨੈੱਸ (ਤੀਬਰ ਬੁਖ਼ਾਰ ਵਾਲੀ ਬੀਮਾਰੀ ) ਇਸ ਯੋਜਨਾ ਤਹਿਤ ਇਲਾਜ ਕੀਤੀਆਂ ਜਾਣ ਵਾਲੀਆਂ ਸਭ ਤੋਂ ਆਮ ਬੀਮਾਰੀਆਂ ਵਿੱਚੋਂ ਇੱਕ ਰਹੀ। ਮਰੀਜ਼ਾਂ ਦਾ ਇਲਾਜ ਕਮਿਊਨਿਟੀ ਹੈਲਥ ਸੈਂਟਰਾਂ, ਸਬ-ਡਿਵੀਜ਼ਨਲ ਹਸਪਤਾਲਾਂ, ਜ਼ਿਲ੍ਹਾ ਹਸਪਤਾਲਾਂ ਤੇ ਇੰਪੈਨਲਡ ਪ੍ਰਾਈਵੇਟ ਹਸਪਤਾਲਾਂ ਵਿੱਚ ਕੀਤਾ ਗਿਆ। ਮਰੀਜ਼ ਦੀ ਹਾਲਤ ਅਨੁਸਾਰ ਬੁਖ਼ਾਰ ਵਾਲੀਆਂ ਬੀਮਾਰੀਆਂ ਲਈ ਇਲਾਜ ਪੈਕੇਜ 2100 ਤੋਂ 8400 ਰੁਪਏ ਤੱਕ ਹਨ। ਮਲੇਰੀਆ, ਐਕਿਊਟ ਗੈਸਟ੍ਰੋਐਂਟਰਾਈਟਿਸ, ਤੇਜ਼ ਬੁਖ਼ਾਰ ਤੇ ਵਾਇਰਲ ਹੈਪੇਟਾਈਟਿਸ ਦੇ ਮਾਮਲੇ ਵੀ ਦਰਜ ਹੋਏ ਹਨ, ਜਿਸ ਤੋਂ ਸਾਫ਼ ਹੈ ਕਿ ਮਾਨਸੂਨ ਬੀਮਾਰੀਆਂ ਦਾ ਮੌਸਮ ਸ਼ੁਰੂ ਹੋ ਚੁੱਕਾ ਹੈ।

# ਪੰਜਾਬ ਪੁਲਿਸ ਦੇ ਮਹਿਲਾ ਹੈਲਪ ਡੈਸਕਾਂ ਰਾਹੀਂ ਮਹਿਲਾਵਾਂ ਅਤੇ ਬੱਚਿਆਂ ਖ਼ਿਲਾ.ਫ ਅਪਰਾਧਾਂ ਨਾਲ ਸਬੰਧਤ 2.31 ਲੱਖ ਤੋਂ ਵੱਧ ਸ਼ਿਕਾਇਤਾਂ ਪ੍ਰਾਪਤ

**ਚੰਡੀਗੜ੍ਹ** : ਮਹਿਲਾਵਾਂ ਦੀ ਸੁਰੱਖਿਆ ਪ੍ਰਤੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਦਿਆਂ ਪੰਜਾਬ ਪੁਲਿਸ ਵੱਲੋਂ ਸਥਾਪਤ ਕੀਤੇ ਗਏ ਮਹਿਲਾ ਹੈਲਪ ਡੈਸਕਾਂ ਨੂੰ ਸੂਬੇ ਭਰ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਇਨ੍ਹਾਂ ਹੈਲਪ ਡੈਸਕਾਂ ਰਾਹੀਂ ਮਹਿਲਾਵਾਂ ਅਤੇ ਬੱਚਿਆਂ ਖ਼?ਲਾਫ਼ ਅਪਰਾਧਾਂ ਨਾਲ ਸਬੰਧਤ ਕੁੱਲ 2,31,677 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ। ਸੂਬਾ ਪੁਲਿਸ ਵੱਲੋਂ ਸਾਰੇ 424 ਪੁਲਿਸ ਥਾਣਿਆਂ ਵਿੱਚ ਮਹਿਲਾ ਹੈਲਪ ਡੈਸਕ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਵਿੱਚ 39 ਵਿਸ਼ੇਸ਼ ਉਦੇਸ਼ਾਂ ਵਾਲੇ ਪੁਲਿਸ ਥਾਣੇ ਵੀ ਸ਼ਾਮਲ ਹਨ। ਪੰਜਾਬ ਗ੍ਰੀਵੈਂਸ ਡਿਸਪੋਜ਼ਲ (ਪੀਜੀਡੀ) ਪੋਰਟਲ ਰਾਹੀਂ 1 ਜਨਵਰੀ 2023 ਤੋਂ 30 ਜੂਨ 2026 ਤੱਕ ਮਹਿਲਾਵਾਂ ਅਤੇ ਬੱਚਿਆਂ ਖ਼?ਲਾਫ਼ ਅਪਰਾਧਾਂ ਨਾਲ ਸਬੰਧਤ 1,33,152 ਸ਼ਿਕਾਇਤਾਂ ਪ੍ਰਾਪਤ ਹੋਈਆਂ। ਇਨ੍ਹਾਂ ਵਿੱਚੋਂ ਕੁੱਲ 99,692 ਸ਼ਿਕਾਇਤਾਂ (74.8 ਫੀਸਦੀ) ਪੰਜਾਬ ਪੁਲਿਸ ਮਹਿਲਾ ਮਿੱਤਰਾਂ ਵੱਲੋਂ ਨਿਪਟਾਈਆਂ ਗਈਆਂ। ਹਾਲ ਹੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਭਰ ਵਿੱਚ ਮਹਿਲਾ ਮਿੱਤਰ ਪਹਿਲਕਦਮੀ ਅਤੇ ਮਹਿਲਾ ਹੈਲਪ ਡੈਸਕਾਂ ਤਹਿਤ ਕੰਮ ਕਰ ਰਹੀਆਂ ਮਹਿਲਾ ਪੁਲਿਸ ਮੁਲਾਜ਼ਮਾਂ ਲਈ 93 ਇਲੈਕਟ੍ਰਿਕ ਸਕੂਟਰਾਂ ਨੂੰ ਮਨਜ਼ੂਰੀ ਦਿੱਤੀ ਹੈ। ਇਨ੍ਹਾਂ ਇਲੈਕਟ੍ਰਿਕ ਸਕੂਟਰਾਂ ਨੂੰ ਹਾਲ ਹੀ ਵਿੱਚ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਪਹਿਲਕਦਮੀ ਦਾ ਉਦੇਸ਼ ਮਹਿਲਾ ਪੁਲਿਸ ਮੁਲਾਜ਼ਮਾਂ ਨੂੰ ਸੂਬੇ ਦੇ ਹਰ ਕੋਨੇ ਤੱਕ ਪਹੁੰਚਣ ਅਤੇ ਮਹਿਲਾਵਾਂ ਤੇ ਬੱਚਿਆਂ ਦੀਆਂ ਸ਼ਿਕਾਇਤਾਂ ਦਾ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਦੇ ਯੋਗ ਬਣਾਉਣਾ ਹੈ। ਇਸ ਮੌਕੇ ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ, "ਇਸ ਪਹਿਲਕਦਮੀ ਨੇ ਮਹਿਲਾਵਾਂ ਤੱਕ ਪੁਲਿਸ ਸੇਵਾਵਾਂ ਦੀ ਪਹੁੰਚ ਵਿੱਚ ਮਹੱਤਵਪੂਰਨ ਸੁਧਾਰ ਕੀਤਾ ਹੈ, ਜੈਂਡਰ ਸੈਂਸੀਟਿਵ ਪੁਲਿਸਿੰਗ ਨੂੰ ਯਕੀਨੀ ਬਣਾਇਆ ਹੈ, ਲੋਕਾਂ ਦੇ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨਾਲ ਸਬੰਧਤ ਮਾਮਲਿਆਂ ਵਿੱਚ ਸਮੇਂ ਸਿਰ ਦਖ਼ਲ ਨੂੰ ਸੰਭਵ ਬਣਾਇਆ ਹੈ। ਮਹਿਲਾ ਹੈਲਪ ਡੈਸਕਾਂ ਨੇ ਪੁਲਿਸ ਥਾਣਿਆਂ ਨੂੰ ਮਹਿਲਾਵਾਂ ਲਈ ਹੋਰ ਸੁਰੱਖਿਅਤ ਅਤੇ ਪਹੁੰਚਯੋਗ ਸਥਾਨਾਂ ਵਿੱਚ ਬਦਲ ਦਿੱਤਾ ਹੈ। 424 ਪੁਲਿਸ ਥਾਣਿਆਂ ਵਿੱਚ ਕੁੱਲ 848 ਪੰਜਾਬ ਪੁਲਿਸ ਮਹਿਲਾ ਮਿੱਤਰ ਤਾਇਨਾਤ ਕੀਤੀਆਂ ਗਈਆਂ ਹਨ, ਜੋ ਪੰਜਾਬ ਪੁਲਿਸ ਪ੍ਰਤੀ ਵਧ ਰਹੇ ਵਿਸ਼ਵਾਸ ਨੂੰ ਦਰਸਾਉਂਦਾ ਹੈ। ਪੰਜਾਬ ਪੁਲਿਸ ਨੇ ਸੂਬੇ ਦੇ ਹਰੇਕ ਪੁਲਿਸ ਥਾਣੇ ਵਿੱਚ ਮਹਿਲਾ ਹੈਲਪ ਡੈਸਕ ਸਥਾਪਤ ਕਰਕੇ ਮਹਿਲਾਵਾਂ ਦੀ ਸੁਰੱਖਿਆ ਮਜ਼ਬੂਤ ਕਰਨ ਲਈ ਇੱਕ ਵਿਆਪਕ ਅਤੇ ਸਮੁਦਾਇ-ਕੇਂਦਰਿਤ ਪਹੁੰਚ ਅਪਣਾਈ ਹੈ। ਮਹਿਲਾ ਹੈਲਪ ਡੈਸਕ ਦੀ ਸ਼ੁਰੂਆਤ ਤੋਂ ਪਹਿਲਾਂ ਮਹਿਲਾਵਾਂ ਅਤੇ ਬੱਚਿਆਂ ਨਾਲ ਸਬੰਧਤ ਸ਼ਿਕਾਇਤਾਂ ਮੁੱਖ ਤੌਰ 'ਤੇ ਪੁਰਸ਼ ਪੁਲਿਸ ਮੁਲਾਜ਼ਮਾਂ ਵੱਲੋਂ ਸੰਭਾਲੀਆਂ/ਹੈਂਡਲ ਕੀਤੀਆਂ ਜਾਂਦੀਆਂ ਸਨ। ਸ਼ਿਕਾਇਤਾਂ ਦਰਜ ਕਰਵਾਉਣ ਲਈ ਹੋਰ ਸੁਖਾਵਾਂ, ਸੰਵੇਦਨਸ਼ੀਲ ਅਤੇ ਪੀੜਤ-ਕੇਂਦਰਿਤ ਮਾਹੌਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਪੰਜਾਬ ਪੁਲਿਸ ਨੇ ਸਾਲ 2021 ਵਿੱਚ ਪੰਜਾਬ ਪੁਲਿਸ ਮਹਿਲਾ ਮਿੱਤਰ (ਪੀਪੀਐਮਐਮ) ਪ੍ਰੋਜੈਕਟ ਸ਼ੁਰੂ ਕੀਤਾ।

ਇਸ ਪਹਿਲਕਦਮੀ ਤਹਿਤ ਮਹਿਲਾਵਾਂ, ਬੱਚਿਆਂ ਅਤੇ ਬਜ਼ੁਰਗ ਨਾਗਰਿਕਾਂ ਨਾਲ ਸਬੰਧਤ ਸ਼ਿਕਾਇਤਾਂ ਦੇ ਹੱਲ ਲਈ ਕੁੱਲ 848 ਪੰਜਾਬ ਪੁਲਿਸ ਮਹਿਲਾ ਮਿੱਤਰ ਵਿਸ਼ੇਸ਼ ਤੌਰ 'ਤੇ ਤਾਇਨਾਤ ਕੀਤੀਆਂ ਗਈਆਂ ਹਨ। ਇਸ ਤੋਂ ਇਲਾਵਾ, ਪੰਜਾਬ ਪੁਲਿਸ ਇਸ ਸਮੇਂ ਸੂਬੇ ਵਿੱਚ 10 ਮਹਿਲਾ ਪੁਲਿਸ ਥਾਣਿਆਂ ਅਤੇ 15 ਮਹਿਲਾ ਸਹਾਇਤਾ ਕੇਂਦਰ ਚਲਾ ਰਹੀ ਹੈ, ਜੋ ਮਹਿਲਾਵਾਂ ਖ਼ਿਲਾਫ਼ ਅਪਰਾਧਾਂ ਨਾਲ ਨਜਿੱਠਣ ਲਈ ਵਿਸ਼ੇਸ਼ ਸਹਾਇਤਾ ਪ੍ਰਦਾਨ ਕਰਦੇ ਹਨ। ਇਹ ਕੇਂਦਰ ਮਹਿਲਾਵਾਂ ਨੂੰ ਸੁਰੱਖਿਅਤ ਅਤੇ ਗੁਪਤਤਾ-ਅਧਾਰਤ ਮਾਹੌਲ ਮੁਹੱਈਆ ਕਰਵਾਉਂਦੇ ਹਨ, ਜਿੱਥੇ ਉਹ ਬਿਨਾਂ ਕਿਸੇ ਝਿਜਕ ਦੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾ ਸਕਦੀਆਂ ਹਨ ਅਤੇ ਮਦਦ ਪ੍ਰਾਪਤ ਕਰ ਸਕਦੀਆਂ ਹਨ।

# ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਨਾਲ ਪੰਜਾਬ ਦੀਆਂ ਮਹਿਲਾਵਾਂ ਨੂੰ ਮਿਲਿਆ ਆਰਥਿਕ ਸਸ਼ਕਤੀਕਰਨ, ਡਾਇਰੈਕਟ ਬੈਨਿਫਿਟ ਟ੍ਰਾਂਸਫਰ ਰਾਹੀਂ ਲਗਭਗ 33 ਲੱਖ ਮਹਿਲਾਵਾਂ ਨੂੰ ਮਿਲੀ ਵਿੱਤੀ ਸਹਾਇਤਾ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ 'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਹੁਣ ਤੱਕ 1,147 ਕਰੋੜ ਦੀ ਰਕਮ ਡਾਇਰੈਕਟ ਬੈਨਿਫਿਟ ਟ੍ਰਾਂਸਫਰ ਰਾਹੀਂ ਸੂਬੇ ਦੀਆਂ ਲਗਭਗ 33 ਲੱਖ ਮਹਿਲਾਵਾਂ ਦੇ ਬੈਂਕ ਖ਼ਾਤਿਆਂ ਵਿੱਚ ਸਿੱਧੀ ਜਮ੍ਹਾਂ ਕਰਵਾਈ ਹੈ। ਅਨੁਸੂਚਿਤ ਜਾਤੀ ਵਰਗ ਦੀਆਂ ਯੋਗ ਮਹਿਲਾਵਾਂ ਨੂੰ ਤਿੰਨ ਮਹੀਨਾਵਾਰ ਕਿਸ਼ਤਾਂ ਦੇ ਰੂਪ ਵਿੱਚ 1,500 ਪ੍ਰਤੀ ਮਹੀਨਾ ਅਨੁਸਾਰ ਕੁੱਲ 4,500 ਦੀ ਰਕਮ ਦਿੱਤੀ ਗਈ, ਜਦਕਿ ਹੋਰ ਸਾਰੇ ਵਰਗਾਂ ਦੀਆਂ ਯੋਗ ਮਹਿਲਾਵਾਂ ਨੂੰ ਤਿੰਨ ਮਹੀਨਾਵਾਰ ਕਿਸ਼ਤਾਂ ਦੇ ਰੂਪ ਵਿੱਚ 1,000 ਪ੍ਰਤੀ ਮਹੀਨਾ ਅਨੁਸਾਰ ਕੁੱਲ 3,000 ਦੀ ਰਕਮ ਪ੍ਰਦਾਨ ਕੀਤੀ ਗਈ। ਇਹ ਰਕਮ ਉਨ੍ਹਾਂ ਯੋਗ ਲਾਭਪਾਤਰੀਆਂ ਨੂੰ ਜਾਰੀ ਕੀਤੀ ਗਈ ਹੈ, ਜਿਨ੍ਹਾਂ ਦੀ ਰਜਿਸਟ੍ਰੇਸ਼ਨ 25 ਜੂਨ 2026 ਤੱਕ ਹੋ ਚੁੱਕੀ ਸੀ। 'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਪੂਰੇ ਪੰਜਾਬ ਵਿੱਚ ਰਜਿਸਟ੍ਰੇਸ਼ਨ ਪ੍ਰਕਿਰਿਆ ਲਗਾਤਾਰ ਜਾਰੀ ਹੈ ਅਤੇ ਹੁਣ ਤੱਕ 66 ਲੱਖ ਤੋਂ ਵੱਧ ਮਹਿਲਾਵਾਂ ਨੇ ਆਪਣੀ ਰਜਿਸਟ੍ਰੇਸ਼ਨ ਕਰਵਾ ਲਈ ਹੈ। ਜਿਹੜੀਆਂ ਮਹਿਲਾਵਾਂ ਹੁਣ ਰਜਿਸਟ੍ਰੇਸ਼ਨ ਕਰਵਾ ਰਹੀਆਂ ਹਨ, ਉਨ੍ਹਾਂ ਨੂੰ ਅਗਲੀ ਕਿਸ਼ਤ ਤੋਂ ਰਕਮ ਮਿਲਣੀ ਸ਼ੁਰੂ ਹੋ ਜਾਵੇਗੀ। ਪੰਜਾਬ ਦੀ ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪਹਿਲੀ ਕਿਸ਼ਤ ਦੀ ਸਫ਼ਲ ਅਦਾਇਗੀ ਇਹ ਸਾਬਤ ਕਰਦੀ ਹੈ ਕਿ ਪੰਜਾਬ ਸਰਕਾਰ ਹਰ ਯੋਗ ਮਹਿਲਾ ਤੱਕ ਵਿੱਤੀ ਸਹਾਇਤਾ ਸਿੱਧੇ ਅਤੇ ਪੂਰੀ ਪਾਰਦਰਸ਼ਤਾ ਨਾਲ ਪਹੁੰਚਾਉਣ ਦੇ ਆਪਣੇ ਸੰਕਲਪ 'ਤੇ ਕਾਇਮ ਹੈ।

ਉਨ੍ਹਾਂ ਕਿਹਾ, "'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਮਹਿਲਾਵਾਂ ਨੂੰ ਆਰਥਿਕ ਸੁਰੱਖਿਆ ਅਤੇ ਸਨਮਾਨ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ। ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਹਰ ਯੋਗ ਲਾਭਪਾਤਰੀ ਨੂੰ ਪਾਰਦਰਸ਼ੀ ਅਤੇ ਸਮੇਂ ਸਿਰ ਸਹਾਇਤਾ ਮਿਲੇ। ਕੋਈ ਵੀ ਯੋਗ ਮਹਿਲਾ ਇਸ ਯੋਜਨਾ ਤੋਂ ਵਾਂਝੀ ਨਹੀਂ ਰਹੇਗੀ। ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਯੋਜਨਾ ਮਹਿਲਾਵਾਂ ਨੂੰ ਸਿੱਧੀ ਵਿੱਤੀ ਸਹਾਇਤਾ ਉਪਲੱਬਧ ਕਰਵਾ ਰਹੀ ਹੈ ਅਤੇ ਇਸ ਨਾਲ ਉਨ੍ਹਾਂ ਦੀਆਂ ਮੌਜੂਦਾ ਸਮਾਜਿਕ ਸੁਰੱਖਿਆ ਯੋਜਨਾਵਾਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਜਿਹੜੀਆਂ ਮਹਿਲਾਵਾਂ ਪਹਿਲਾਂ ਤੋਂ ਵਿਧਵਾ ਪੈਨਸ਼ਨ, ਦਿਵਿਆਂਗ ਪੈਨਸ਼ਨ ਜਾਂ ਬੁਢਾਪਾ ਪੈਨਸ਼ਨ ਪ੍ਰਾਪਤ ਕਰ ਰਹੀਆਂ ਹਨ, ਉਨ੍ਹਾਂ ਨੂੰ ਇਹ ਸਾਰੇ ਲਾਭ ਪਹਿਲਾਂ ਦੀ ਤਰ੍ਹਾਂ ਮਿਲਦੇ ਰਹਿਣਗੇ। 'ਮੁੱਖ ਮੰਤਰੀ ਮਾਂਵਾਂ-ਧੀਆਂ ਸਤਿਕਾਰ ਯੋਜਨਾ' ਉਨ੍ਹਾਂ ਲਈ ਸਮਾਜਿਕ ਸੁਰੱਖਿਆ ਦੀ ਇੱਕ ਵਾਧੂ ਪਰਤ ਵਜੋਂ ਕੰਮ ਕਰੇਗੀ। ਪੂਰੇ ਪੰਜਾਬ ਵਿੱਚ ਪਹਿਲੀ ਕਿਸ਼ਤ ਪ੍ਰਾਪਤ ਕਰਨ ਵਾਲੀਆਂ ਮਹਿਲਾਵਾਂ ਨੇ ਇਸਨੂੰ ਆਪਣੀ ਜ਼ਿੰਦਗੀ ਦਾ ਮਾਣ ਭਰਿਆ ਪਲ ਦੱਸਿਆ। ਕਈ ਮਹਿਲਾਵਾਂ ਨੇ ਕਿਹਾ ਕਿ ਇਹ ਪਹਿਲੀ ਵਾਰ ਹੈ ਜਦੋਂ ਉਨ੍ਹਾਂ ਦੇ ਆਪਣੇ ਬੈਂਕ ਖ਼ਾਤੇ ਵਿੱਚ ਸਿੱਧੀ ਰਕਮ ਜਮ੍ਹਾਂ ਹੋਈ ਹੈ। ਗੁਰਦਾਸਪੁਰ ਜ਼ਿਲ੍ਹੇ



ਦੇ ਮੁਸਤਾਬਾ ਜੱਟਾ ਪਿੰਡ ਦੀ ਵਸਨੀਕ ਕੁਲਦੀਪ ਕੌਰ ਨੇ ਕਿਹਾ ਕਿ ਪਹਿਲੀ ਕਿਸ਼ਤ ਪ੍ਰਾਪਤ ਕਰਨਾ ਉਨ੍ਹਾਂ ਦੀ ਜ਼ਿੰਦਗੀ ਦੇ ਸਭ ਤੋਂ ਭਾਵੁਕ ਪਲਾਂ ਵਿੱਚੋਂ ਇੱਕ ਸੀ। 4,500 ਉਨ੍ਹਾਂ ਦੇ ਖ਼ਾਤੇ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਪਹਿਲੀ ਵਾਰ ਆਰਥਿਕ ਆਜ਼ਾਦੀ ਮਹਿਸੂਸ ਕੀਤੀ। ਉਨ੍ਹਾਂ ਕਿਹਾ, "ਮੈਂ ਬਹੁਤ ਖ਼ੁਸ਼ ਹਾਂ ਕਿ ਮੇਰੀ ਆਪਣੀ ਕਮਾਈ ਮੇਰੇ ਆਪਣੇ ਬੈਂਕ ਖ਼ਾਤੇ ਵਿੱਚ ਆਈ ਹੈ। ਅੱਜ ਤੋਂ ਪਹਿਲਾਂ ਮੈਂ ਆਪਣੇ ਹੱਥ ਵਿੱਚ ਆਪਣੀ ਕਮਾਈ ਦੇਖੀ ਹੀ ਨਹੀਂ ਸੀ। ਜਦੋਂ ਮੇਰੇ ਮੋਬਾਈਲ 'ਤੇ ਤਿੰਨ ਕਿਸ਼ਤਾਂ ਜਮ੍ਹਾਂ ਹੋਣ ਦਾ ਸੰਦੇਸ਼ ਆਇਆ ਤਾਂ ਮੇਰੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਰਿਹਾ। ਮੈਂ ਪੰਜਾਬ ਸਰਕਾਰ ਅਤੇ ਸਾਡੇ ਮੁੱਖ ਮੰਤਰੀ ਜੀ ਦਾ ਦਿਲੋਂ ਧੰਨਵਾਦ ਕਰਦੀ ਹਾਂ ਕਿ ਉਨ੍ਹਾਂ ਨੇ ਸਾਨੂੰ ਆਤਮ-ਸਨਮਾਨ ਦਾ ਇਹ ਅਹਿਸਾਸ ਕਰਵਾਇਆ। ਕੁਲਦੀਪ ਕੌਰ ਨੇ ਕਿਹਾ ਕਿ ਇਹ ਰਕਮ ਸਿਰਫ਼ ਆਰਥਿਕ ਸਹਾਇਤਾ ਨਹੀਂ, ਸਗੋਂ ਇਸ ਤੋਂ ਕਿਤੇ ਵੱਧ ਹੈ। ਉਨ੍ਹਾਂ ਕਿਹਾ, "ਪਹਿਲਾਂ ਲੋਕ ਪੁੱਤਰਾਂ ਨੂੰ ਧੀਆਂ ਨਾਲੋਂ ਵੱਧ ਮਹੱਤਵ ਦਿੰਦੇ ਸਨ, ਪਰ ਹੁਣ ਇਹ ਸੋਚ ਹੌਲੀ-ਹੌਲੀ ਬਦਲ ਰਹੀ ਹੈ। ਜਿਨ੍ਹਾਂ ਪਰਿਵਾਰਾਂ ਵਿੱਚ ਧੀਆਂ ਹਨ, ਉਹ ਹੁਣ ਵਧੇਰੇ ਸੁਰੱਖਿਅਤ ਮਹਿਸੂਸ ਕਰਦੇ ਹਨ ਕਿਉਂਕਿ ਮਹਿਲਾਵਾਂ ਕੋਲ ਆਪਣੀ ਆਰਥਿਕ ਸਹਾਇਤਾ ਹੈ। ਮੈਂ ਤਾਂ ਆਪਣੇ ਪਤੀ ਲਈ ਵੀ ਮਾਣਯੋਗ ਹੋ ਗਈ ਹਾਂ।

ਘੁੰਮਣਕਲਾਂ ਪਿੰਡ ਦੀ ਇੱਕ ਹੋਰ ਲਾਭਪਾਤਰੀ ਹਰਮੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਯੋਜਨਾ ਦੀ ਜਾਣਕਾਰੀ ਪਿੰਡ ਵਿੱਚ ਲਗਾਏ ਗਏ ਜਾਗਰੂਕਤਾ ਕੈਂਪ ਦੌਰਾਨ ਮਿਲੀ। ਉਨ੍ਹਾਂ ਕਿਹਾ, "ਮੈਂ ਇਸ ਪੈਸੇ ਨਾਲ ਆਪਣੇ ਲਈ ਸੂਟ ਖ਼ਰੀਦਾਂਗੀ ਅਤੇ ਕੁਝ ਰਕਮ ਘਰ ਦੇ ਖ਼ਰਚੇ ਵਿੱਚ ਲਗਾਵਾਂਗੀ। ਮੈਂ ਬਹੁਤ ਖ਼ੁਸ਼ ਹਾਂ।

ਮੈਂ ਵੀ ਹੁਣ ਕਮਾ ਰਹੀ ਹਾਂ। ਹਰਮੀਤ ਕੌਰ ਨੇ ਕਿਹਾ ਕਿ ਇਹ ਯੋਜਨਾ ਸਮਾਜ ਨੂੰ ਇੱਕ ਮਹੱਤਵਪੂਰਨ ਸੰਦੇਸ਼ ਵੀ ਦਿੰਦੀ ਹੈ। ਉਨ੍ਹਾਂ ਕਿਹਾ, "ਧੀ ਬੋਝ ਨਹੀਂ, ਸਗੋਂ ਪਰਿਵਾਰ ਦਾ ਮਾਣ ਹੁੰਦੀ ਹੈ। ਇਹ ਰਕਮ ਧੀਆਂ ਦੀ ਸਿੱਖਿਆ ਅਤੇ ਉਨ੍ਹਾਂ ਦੇ ਸਸ਼ਕਤੀਕਰਨ ਵਿੱਚ ਮਦਦ ਕਰੇਗੀ। ਜਦੋਂ ਅਸੀਂ ਕਿਸੇ ਧੀ ਨੂੰ ਪੜ੍ਹਾਉਂਦੇ ਅਤੇ ਸਸ਼ਕਤ ਬਣਾਉਂਦੇ ਹਾਂ ਤਾਂ ਪੂਰੇ ਪਰਿਵਾਰ ਅਤੇ ਸਮਾਜ ਦੀ ਤਰੱਕੀ ਦਾ ਰਾਹ ਖੋਲ੍ਹਦੇ ਹਾਂ। ਹੁਣ ਮੈਂ ਸਿਆਣੀ ਹੋ ਗਈ ਹਾਂ। ਸੰਗਰੂਰ ਜ਼ਿਲ੍ਹੇ ਦੇ ਧੂਰੀ ਦੀ ਰਹਿਣ ਵਾਲੀ ਇੱਕ ਵਿਧਵਾ ਕਿਰਨ ਨੇ ਕਿਹਾ ਕਿ ਇਹ ਆਰਥਿਕ ਸਹਾਇਤਾ ਉਨ੍ਹਾਂ ਦੀ ਜ਼ਿੰਦਗੀ ਦੇ ਔਖੇ ਸਮੇਂ ਵਿੱਚ ਵੱਡਾ ਸਹਾਰਾ ਸਾਬਤ ਹੋਵੇਗੀ। ਉਨ੍ਹਾਂ ਕਿਹਾ, "ਮੇਰੇ ਲਈ ਤਾਂ ਇਹ ਬਹੁਤ ਵੱਡੀ ਰਕਮ ਹੈ। ਮੈਂ ਵਿਧਵਾ ਹਾਂ ਅਤੇ ਬਹੁਤ ਗਰੀਬ ਹਾਂ। ਮੇਰੇ ਘਰ ਵਿੱਚ ਕਮਾਉਣ ਵਾਲਾ ਕੋਈ ਨਹੀਂ ਹੈ। ਮੈਂ ਮੁੱਖ ਮੰਤਰੀ ਜੀ ਦਾ ਬਹੁਤ ਧੰਨਵਾਦ ਕਰਦੀ ਹਾਂ। ਇਸੇ ਤਰ੍ਹਾਂ ਗੁਰਦਾਸਪੁਰ ਜ਼ਿਲ੍ਹੇ ਦੇ ਇੱਕ ਪਿੰਡ ਦੀ ਦਿਹਾੜੀਦਾਰ ਮਜ਼ਦੂਰ ਗੀਤਾ ਨੇ ਕਿਹਾ ਕਿ ਇਸ ਆਰਥਿਕ ਸਹਾਇਤਾ ਨਾਲ ਉਨ੍ਹਾਂ ਦੇ ਪਰਿਵਾਰ ਦੀਆਂ ਕਈ ਚਿੰਤਾਵਾਂ ਘੱਟ ਹੋ ਗਈਆਂ ਹਨ। ਉਨ੍ਹਾਂ ਕਿਹਾ, "ਮੈਨੂੰ ਇਸ ਯੋਜਨਾ ਦੀ ਜਾਣਕਾਰੀ ਆਂਗਣਵਾੜੀ ਕੇਂਦਰ ਤੋਂ ਮਿਲੀ ਅਤੇ ਉੱਥੋਂ ਦੀ ਮਦਦ ਨਾਲ ਮੈਂ ਅਰਜ਼ੀ ਭਰੀ। ਮੈਂ ਅਤੇ ਮੇਰੇ ਪਤੀ ਦੋਵੇਂ ਦਿਹਾੜੀਦਾਰ ਮਜ਼ਦੂਰ ਹਾਂ। ਇਹ ਰਕਮ ਸਾਡੇ ਲਈ ਬਹੁਤ ਵੱਡੀ ਮਦਦ ਹੈ। ਹੁਣ ਮੈਂ ਇਸ ਪੈਸੇ ਦਾ ਇਸਤੇਮਾਲ ਆਪਣੀਆਂ ਜ਼ਰੂਰਤਾਂ ਲਈ ਕਰ ਸਕਾਂਗੀ। ਆਪਣੇ ਮੋਬਾਈਲ 'ਤੇ ਭੁਗਤਾਨ ਦੀ ਪੁਸ਼ਟੀ ਵਾਲਾ ਐਸਐਮਐਸ ਵੇਖਦੇ ਹੋਏ ਉਨ੍ਹਾਂ ਦੀਆਂ ਅੱਖਾਂ ਵਿੱਚ ਖ਼ੁਸ਼ੀ ਦੇ ਹੰਝੂ ਆ ਗਏ। ਮੁਸਕੁਰਾਉਂਦੇ ਹੋਏ ਉਨ੍ਹਾਂ ਕਿਹਾ, "ਮੋਬਾਈਲ ਦੀ 'ਟੂੰ-ਟੂੰ' ਨੇ ਸਾਡੀ ਜ਼ਿੰਦਗੀ ਬਦਲ ਦਿੱਤੀ।

# 1,279 ਨਵੀਆਂ ਸਰਕਾਰੀ ਬੱਸਾਂ ਦੇ ਸ਼ਾਮਲ ਹੋਣ ਨਾਲ ਪੰਜਾਬ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਬਣੇਗਾ ਭਾਰਤ ਦਾ ਨੰਬਰ 1 ਸੂਬਾ: ਚੀਮਾ

## ਕਿਹਾ, ਸੂਬੇ ਵਿੱਚ ਖਾਸ ਕਰਕੇ ਪੇਂਡੂ ਅਤੇ ਘੱਟ ਸਹੂਲਤਾਂ ਵਾਲੇ ਖੇਤਰਾਂ ਲਈ, ਬਿਹਤਰ ਕਨੈਕਟੀਵਿਟੀ ਯਕੀਨੀ ਬਣਾਉਣ ਵਾਸਤੇ ਸੈਟੇਲਾਈਟ ਆਧਾਰਿਤ ਰੂਟ ਮੈਪਿੰਗ

**ਚੰਡੀਗੜ੍ਹ** : ਪੰਜਾਬ ਦੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਐਲਾਨ ਕੀਤਾ ਕਿ ਪੰਜਾਬ 1,279 ਨਵੀਆਂ ਸਰਕਾਰੀ ਬੱਸਾਂ ਸ਼ਾਮਲ ਕਰਕੇ ਇੱਕ ਵੱਡੇ ਫਲੀਟ ਵਿਸਥਾਰ ਰਾਹੀਂ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣਨ ਲਈ ਤਿਆਰ ਹੈ। ਇਸ ਵਿਸਥਾਰ ਨਾਲ ਸੂਬੇ ਦੀ ਬੱਸਾਂ ਦੀ ਗਿਣਤੀ 2,267 ਤੋਂ ਵੱਧ ਕੇ 3,546 ਹੋ ਜਾਵੇਗੀ, ਜੋ ਕਿ 56% ਦਾ ਇਤਿਹਾਸਕ ਵਾਧਾ ਹੈ ਅਤੇ ਦੋ ਦਹਾਕਿਆਂ ਤੋਂ ਵੱਧ ਸਮੇਂ ਵਿੱਚ ਸਭ ਤੋਂ ਵੱਡਾ ਵਾਧਾ ਹੈ। ਫਲੀਟ ਦਾ ਵਿਸਥਾਰ ਕਰਨ ਦੇ ਨਾਲ-ਨਾਲ, ਭਗਵੰਤ ਮਾਨ ਸਰਕਾਰ ਯਾਤਰੀਆਂ ਦੀ ਸੁਰੱਖਿਆ, ਸਹੂਲਤ ਅਤੇ ਆਖਰੀ ਮੀਲ ਤੱਕ ਕਨੈਕਟੀਵਿਟੀ ਨੂੰ ਬਿਹਤਰ ਬਣਾਉਣ ਲਈ ਡੈਸ਼ਕੈਮ, ਅੰਦਰੂਨੀ ਸੀ.ਸੀ.ਟੀ.ਵੀ. ਕੈਮਰੇ, ਜੀ.ਪੀ.ਐਸ. ਟਰੈਕਿੰਗ ਸਿਸਟਮ ਅਤੇ ਯੂ.ਪੀ.ਆਈ. ਕਿਊ.ਆਰ. ਕੋਡ ਆਧਾਰਿਤ ਇਲੈਕਟ੍ਰਾਨਿਕ ਟਿਕਟਿੰਗ ਸਮੇਤ ਆਧੁਨਿਕ ਤਕਨੀਕਾਂ ਵੀ ਪੇਸ਼ ਕਰੇਗੀ। ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਪੰਜਾਬ ਹੁਣ ਤਕ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਦੇ ਮੁਕਾਬਲੇ ਆਪਣੇ ਸਰਕਾਰੀ ਬੱਸ ਕਾਫਲੇ ਦਾ ਸਭ ਤੋਂ ਵੱਡਾ ਵਿਸਥਾਰ ਕਰ ਰਿਹਾ ਹੈ। 1,279 ਬੱਸਾਂ ਦੇ ਸ਼ਾਮਲ ਹੋਣ ਨਾਲ, ਸਾਡੀ ਬੱਸਾਂ ਦੀ ਕੁੱਲ ਗਿਣਤੀ 2,267 ਤੋਂ ਵੱਧ ਕੇ 3,546 ਹੋ ਜਾਵੇਗੀ, ਜਿਸ ਨਾਲ ਪੰਜਾਬ ਜਨਤਕ ਟਰਾਂਸਪੋਰਟ ਬੁਨਿਆਦੀ ਢਾਂਚੇ ਵਿੱਚ ਦੇਸ਼ ਦਾ ਨੰਬਰ ਇੱਕ ਸੂਬਾ ਬਣ ਜਾਵੇਗਾ। ਬੱਸਾਂ ਦੀ ਸਿੱਧੀ ਖਰੀਦ ਬਾਰੇ ਜਾਣਕਾਰੀ ਦਿੰਦਿਆਂ, ਟਰਾਂਸਪੋਰਟ ਮੰਤਰੀ ਨੇ ਕਿਹਾ, "ਪੰਜਾਬ ਸਰਕਾਰ ਪਹਿਲਾਂ ਹੀ 696 ਸਾਧਾਰਨ ਬੱਸਾਂ ਦੀ ਖਰੀਦ ਲਈ ਆਰਡਰ ਦੇ ਚੁੱਕੀ ਹੈ, ਜਿਨ੍ਹਾਂ ਵਿੱਚੋਂ 387 ਪਨਬੱਸ ਅਤੇ 309 ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਵਿੱਚ ਸ਼ਾਮਲ ਕੀਤੀਆਂ ਜਾਣਗੀਆਂ। ਇਨ੍ਹਾਂ ਵਿੱਚੋਂ ਲਗਭਗ 300 ਬੱਸਾਂ ਦੇ ਨਵੰਬਰ 2026 ਤੱਕ ਚਾਲੂ ਹੋਣ ਦੀ ਉਮੀਦ ਹੈ, ਜਦੋਂ ਕਿ ਬਾਕੀ ਬੱਸਾਂ ਦਸੰਬਰ 2026 ਦੇ ਅੰਤ ਤੱਕ ਪੜਾਅਵਾਰ ਢੰਗ ਨਾਲ ਸ਼ਾਮਲ ਕੀਤੀਆਂ ਜਾਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕਨੈਕਟੀਵਿਟੀ ਨੂੰ ਮਜ਼ਬੂਤ ਕਰਨ ਲਈ ਪੀ.ਆਰ.ਟੀ.ਸੀ. ਲਈ ਪਹਿਲਾਂ ਹੀ 100 ਮਿਡੀ ਬੱਸਾਂ ਖਰੀਦੀਆਂ ਜਾ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ, "ਇਹ ਬੱਸਾਂ ਸਤੰਬਰ ਤੱਕ



ਸੇਵਾ ਵਿੱਚ ਆ ਜਾਣਗੀਆਂ, ਜਿਸ ਨਾਲ ਸਿੱਧੇ ਤੌਰ 'ਤੇ ਖਰੀਦੀਆਂ ਗਈਆਂ ਬੱਸਾਂ ਦੀ ਕੁੱਲ ਗਿਣਤੀ 796 ਹੋ ਜਾਵੇਗੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਵਿਸਤ੍ਰਿਤ ਬੱਸਾਂ ਦੀ ਤਾਇਨਾਤੀ ਵਿਗਿਆਨਕ ਯੋਜਨਾਬੰਦੀ ਦੁਆਰਾ ਸੇਧਿਤ ਹੋਵੇਗੀ। ਉਨ੍ਹਾਂ ਕਿਹਾ, "ਸੂਬੇ ਭਰ ਵਿੱਚ ਘੱਟ ਬੱਸਾਂ ਵਾਲੇ ਰੂਟਾਂ ਦੀ ਪਛਾਣ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਸੈਟੇਲਾਈਟ-ਆਧਾਰਿਤ ਯਾਤਰਾ ਪੈਟਰਨ ਸਰਵੇਖਣ ਸ਼ੁਰੂ ਕੀਤੇ ਜਾ ਰਹੇ ਹਨ ਕਿ ਬੱਸਾਂ ਉੱਥੇ ਤਾਇਨਾਤ ਕੀਤੀਆਂ ਜਾਣ ਜਿੱਥੇ ਲੋਕਾਂ ਨੂੰ ਉਨ੍ਹਾਂ ਦੀ ਸਭ ਤੋਂ ਵੱਧ ਲੋੜ ਹੈ। ਇਹ ਸਬੂਤ-ਆਧਾਰਿਤ ਪਹੁੰਚ ਮੌਜੂਦਾ ਕਨੈਕਟੀਵਿਟੀ ਪਾੜੇ ਨੂੰ ਪੂਰਾ ਕਰਨ ਵਿੱਚ ਮਦਦ ਕਰੇਗੀ। ਇੱਕ ਵੱਡੇ ਤਕਨੀਕੀ ਅਪਗ੍ਰੇਡ ਦਾ ਐਲਾਨ ਕਰਦਿਆਂ ਟਰਾਂਸਪੋਰਟ ਮੰਤਰੀ ਨੇ ਕਿਹਾ, "ਨਵੀਆਂ ਬੱਸਾਂ ਪੂਰਨ ਨਿਗਰਾਨੀ ਨੂੰ ਯਕੀਨੀ ਬਣਾਉਣ ਅਤੇ ਯਾਤਰੀਆਂ ਦੀ ਸੁਰੱਖਿਆ ਨੂੰ ਮਹੱਤਵਪੂਰਨ ਤੌਰ 'ਤੇ ਵਧਾਉਣ ਲਈ ਡੈਸ਼ਕੈਮ, ਅੰਦਰੂਨੀ ਸੀ.ਸੀ.ਟੀ.ਵੀ. ਕੈਮਰੇ ਅਤੇ ਉੱਨਤ ਜੀ.ਪੀ.ਐਸ. ਟਰੈਕਿੰਗ ਸਿਸਟਮਾਂ ਨਾਲ ਲੈਸ ਹੋਣਗੀਆਂ। ਔਰਤਾਂ ਦੀ ਸੁਰੱਖਿਆ ਅਤੇ ਸਸ਼ਕਤੀਕਰਨ ਲਈ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਮੌਜੂਦਾ ਸਮੇਂ, ਸਰਕਾਰੀ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਯਾਤਰੀਆਂ ਵਿੱਚੋਂ ਲਗਭਗ 54 ਫੀਸਦ ਔਰਤਾਂ ਹਨ। ਸਾਰੀਆਂ ਨਵੀਆਂ ਬੱਸਾਂ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਨਾਲ ਉਨ੍ਹਾਂ ਦੀ ਸੁਰੱਖਿਆ ਹੋਰ ਮਜ਼ਬੂਤ ਹੋਵੇਗੀ ਅਤੇ ਇੱਕ ਸੁਰੱਖਿਅਤ ਅਤੇ ਭਰੋਸੇਮੰਦ ਯਾਤਰਾ ਮਾਹੌਲ ਮਿਲੇਗਾ। ਟਰਾਂਸਪੋਰਟ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਟਰਾਂਸਪੋਰਟ ਵਿਭਾਗ ਕੰਡਕਟਰਾਂ ਨੂੰ ਕਿਊ.ਆਰ. ਕੋਡ ਸਕੈਨਿੰਗ ਰਾਹੀਂ ਯੂ.ਪੀ.ਆਈ. ਭੁਗਤਾਨ ਕਰਨ ਵਾਲੀਆਂ ਉੱਨਤ ਇਲੈਕਟ੍ਰਾਨਿਕ ਟਿਕਟਿੰਗ ਮਸ਼ੀਨਾਂ ਨਾਲ ਲੈਸ ਕਰ ਰਿਹਾ ਹੈ। ਉਨ੍ਹਾਂ ਕਿਹਾ, "ਇਸ ਆਧੁਨਿਕ ਪ੍ਰਣਾਲੀ ਨੂੰ ਡਿਜੀਟਲ ਭੁਗਤਾਨ ਵਿਧੀਆਂ ਪ੍ਰਤੀ ਨੌਜਵਾਨ ਯਾਤਰੀਆਂ ਦੀ ਵੱਧ ਰਹੀ ਤਰਜੀਹ ਨੂੰ ਧਿਆਨ ਵਿੱਚ ਰੱਖਦੇ ਹੋਏ ਡਿਜ਼ਾਈਨ ਕੀਤਾ ਗਿਆ ਹੈ, ਜਿਸ ਨਾਲ ਟਿਕਟਿੰਗ ਵਧੇਰੇ ਸੁਵਿਧਾਜਨਕ ਅਤੇ ਕੁਸ਼ਲ ਬਣੇਗੀ। ਵਿਸਥਾਰ ਦੇ ਢਾਂਚਾਗਤ ਪ੍ਰਭਾਵ ਦੀ ਵਿਆਖਿਆ ਕਰਦੇ ਹੋਏ, ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਪੰਜਾਬ ਵਿੱਚ ਵਰਤਮਾਨ ਵਿੱਚ ਪ੍ਰਤੀ ਲੱਖ ਆਬਾਦੀ ਪਿੱਛੇ ਲਗਭਗ ਸੱਤ ਸਰਕਾਰੀ ਬੱਸਾਂ ਹਨ। ਇਸ ਵਿਸਥਾਰ ਦੇ ਨਾਲ, ਇਹ ਅਨੁਪਾਤ ਵੱਧ ਕੇ ਪ੍ਰਤੀ ਲੱਖ ਆਬਾਦੀ ਲਗਭਗ 12 ਬੱਸਾਂ ਹੋ ਜਾਵੇਗਾ, ਜੋ ਪੰਜਾਬ ਨੂੰ ਰਾਜ ਟਰਾਂਸਪੋਰਟ ਅਦਾਰਿਆਂ ਦੀ ਕੌਮੀ ਔਸਤ ਤੋਂ ਕਿਤੇ ਉੱਪਰ ਲੈ ਜਾਵੇਗਾ। ਉਨ੍ਹਾਂ ਅੱਗੇ ਕਿਹਾ, "ਵਧੀ ਹੋਈ ਬੱਸਾਂ ਦੀ ਗਿਣਤੀ ਪਨਬੱਸ ਅਤੇ ਪੀ.ਆਰ.ਟੀ.ਸੀ. ਨੂੰ ਵੱਧ ਮੰਗ ਵਾਲੇ ਰੂਟਾਂ 'ਤੇ ਬੱਸਾਂ ਦੇ ਫੇਰੇ ਵਧਾਉਣ ਦੇ ਯੋਗ ਬਣਾਵੇਗੀ ਅਤੇ ਨਾਲ ਹੀ ਉਨ੍ਹਾਂ ਪਿੰਡਾਂ ਅਤੇ ਕਸਬਿਆਂ ਤੱਕ ਸੇਵਾਵਾਂ ਦਾ ਵਿਸਥਾਰ ਕਰੇਗੀ ਜਿੱਥੇ ਇਸ ਵੇਲੇ ਨਿਰਧਾਰਤ ਸਰਕਾਰੀ ਬੱਸ ਕਨੈਕਟੀਵਿਟੀ ਨਹੀਂ ਹੈ। ਪ੍ਰੈਸ ਕਾਨਫਰੰਸ ਦੀ ਸਮਾਪਤੀ ਦੌਰਾਨ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਇਹ ਮਜ਼ਬੂਤ ਅਤੇ ਆਧੁਨਿਕ ਜਨਤਕ ਟਰਾਂਸਪੋਰਟ ਨੈੱਟਵਰਕ ਸੂਬੇ ਦੇ ਹਰੇਕ ਨਾਗਰਿਕ ਨੂੰ ਸਸਤੀਆਂ, ਭਰੋਸੇਮੰਦ, ਸੁਰੱਖਿਅਤ ਅਤੇ ਪਹੁੰਚਯੋਗ ਆਵਾਜਾਈ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ 'ਚ ਛੇਵੀਂ ਜਮਾਤ ਦੇ ਦਾਖਲੇ ਲਈ ਰਜਿਸਟ੍ਰੇਸ਼ਨ ਸ਼ੁਰੂ

## 31 ਜੁਲਾਈ ਤੱਕ ਭਰੇ ਜਾ ਸਕਣਗੇ ਆਨਲਾਈਨ ਫਾਰਮ

**ਖੰਨਾ (ਲੁਧਿਆਣਾ)/ ਮਨਜੀਤ ਸਿੰਘ ਧੀਮਾਨ**




ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ (ਲੁਧਿਆਣਾ) ਵਿੱਚ ਵਿੱਦਿਅਕ ਵਰ੍ਹੇ 2027-28 ਲਈ ਛੇਵੀਂ ਜਮਾਤ ਵਿੱਚ ਦਾਖਲੇ ਲਈ ਦਾਖਲਾ ਪ੍ਰੀਖਿਆ ਦੇ ਆਨਲਾਈਨ ਫਾਰਮ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ ਤੇ ਭਰੇ ਜਾ ਰਹੇ ਹਨ।

ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ, ਧਨਾਨਸੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਫਾਰਮ ਭਰਨ ਦੀ ਅੰਤਿਮ ਮਿਤੀ 31 ਜੁਲਾਈ, 2026 ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 01 ਮਈ 2015 ਤੇ 31 ਜੁਲਾਈ 2017 ਦੇ ਵਿਚਕਾਰ ਹੋਣੀ ਚਾਹੀਦੀ ਹੈ। ਪ੍ਰੀਖਿਆਰਥੀ ਨੇ ਤੀਜੀ ਚੌਥੀ ਤੇ ਪੰਜਵੀਂ ਜਮਾਤ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਪਾਸ ਕੀਤੀ ਹੋਵੇ ਤੇ ਵਿਦਿਆਰਥੀ ਲੁਧਿਆਣਾ ਜ਼ਿਲ੍ਹਾ ਦਾ ਵਸਨੀਕ ਹੋਣਾ ਜ਼ਰੂਰੀ ਹੈ। ਵਿਦਿਆਰਥੀ ਦੀ ਪੰਜਵੀਂ ਜਮਾਤ ਵਿਦਿਅਕ ਸ਼ੈਸ਼ਨ 2026-27 ਦੇ ਦੌਰਾਨ ਪਾਸ ਹੋਣੀ ਵੀ ਲਾਜ਼ਮੀ ਹੈ।ਆਨਲਾਈਨ ਅਰਜੀਆਂ ਭਰਨ ਲਈ ਲਿੰਕ https://navodaya.gov.in ਦੀ ਵਰਤੋਂ ਕੀਤੀ ਜਾ ਸਕਦੀ ਹੈ ਪ੍ਰਿੰਸੀਪਲ ਜਵਾਹਰ ਨਵੋਦਿਆ ਵਿਦਿਆਲਿਆ, ਧਨਾਂਸੂ ਨੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਉਨ੍ਹਾਂ ਨੂੰ ਇਸ ਪ੍ਰੀਖਿਆ ਲਈ ਅਪਲਾਈ ਜਰੂਰ ਕਰਵਾਉਣ।

# ਜੈਸਮੀਨ ਸੈਂਡਲਸ ਨੇ ਲਾਈਵ ਕੰਸਰਟ ਦੌਰਾਨ ਮੰਗਣੀ ਦਾ ਕੀਤਾ ਐਲਾਨ

ਜ਼ਿਕਰ ਪੰਜਾਬ

**ਨਵੀਂ ਦਿੱਲੀ** : ਆਪਣੀ ਬੇਬਾਕ ਗਾਇਕੀ ਅਤੇ ਵੱਖਰੇ ਅੰਦਾਜ਼ ਲਈ ਜਾਣੀ ਜਾਂਦੀ ਪੰਜਾਬੀ ਰੌਕਸਟਾਰ ਜੈਸਮੀਨ ਸੈਂਡਲਸ ਨੇ ਆਪਣੇ ਪ੍ਰਸ਼ੰਸਕਾਂ ਨੂੰ ਇੱਕ ਬੇਹੱਦ ਖ਼ੂਬਸੂਰਤ ਅਤੇ ਹੈਰਾਨੀਜਨਕ ਤੋਹਫ਼ਾ ਦਿੱਤਾ ਹੈ। ਲੰਮੇ ਸਮੇਂ ਤੋਂ ਆਪਣੀ ਨਿੱਜੀ ਜ਼ਿੰਦਗੀ ਨੂੰ ਲਾਈਮਲਾਈਟ ਤੋਂ ਦੂਰ ਰੱਖਣ ਵਾਲੀ ਗਾਇਕਾ ਨੇ ਇੱਕ ਸੰਗੀਤ ਸਮਾਰੋਹ ਦੌਰਾਨ ਲਾਈਵ ਸਟੇਜ 'ਤੇ ਆਪਣੀ ਮੰਗਣੀ ਦਾ ਐਲਾਨ ਕਰ ਦਿੱਤਾ ਹੈ। ਇਸ ਖ਼ੁਸ਼ਖ਼ਬਰੀ ਦੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਵਧਾਈਆਂ ਦਾ ਹੜ੍ਹ ਆ ਗਿਆ ਹੈ ਅਤੇ ਇਸ ਖ਼ਾਸ ਪਲ ਦੀ ਵੀਡੀਓ ਇੰਟਰਨੈੱਟ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ।

ਇਹ ਰੋਮਾਂਚਕ ਨਜ਼ਾਰਾ ਦਿੱਲੀ ਵਿੱਚ ਚੱਲ ਰਹੇ ਜੈਸਮੀਨ ਦੇ 'ਦਿ ਡ੍ਰੀਮ ਗਰਲ ਇੰਡੀਆ ਟੂਰ' ਦੀ ਸ਼ੁਰੂਆਤੀ ਰਾਤ ਦੌਰਾਨ ਦੇਖਣ ਨੂੰ ਮਿਲਿਆ। ਸ਼ੋਅ ਦੌਰਾਨ ਜੈਸਮੀਨ ਨੇ ਅਚਾਨਕ ਆਪਣੇ ਮੰਗੇਤਰ ਸ਼ੇਖਰ ਚੌਧਰੀ ਨੂੰ ਸਟੇਜ 'ਤੇ ਬੁਲਾਇਆ। ਹਜ਼ਾਰਾਂ ਪ੍ਰਸ਼ੰਸਕਾਂ ਦੇ ਸਾਹਮਣੇ ਉਨ੍ਹਾਂ ਨੇ ਸ਼ੇਖਰ ਨਾਲ ਆਪਣਾ ਰਿਸ਼ਤਾ ਕਬੂਲਦਿਆਂ ਆਪਣੀ ਮੰਗਣੀ ਦੀ ਅੰਗੂਠੀ ਫਲਾਂਟ ਕੀਤੀ (ਦਿਖਾਈ)। ਜੈਸਮੀਨ ਵੱਲੋਂ ਅਚਾਨਕ ਕੀਤੇ ਗਏ ਇਸ ਖੁਲਾਸੇ ਨੇ ਉੱਥੇ ਮੌਜੂਦ ਹਜ਼ਾਰਾਂ ਦਰਸ਼ਕਾਂ ਨੂੰ ਖ਼ੁਸ਼ੀ ਨਾਲ ਝੂਮਣ ਲਗਾ ਦਿੱਤਾ ਅਤੇ ਪੂਰਾ ਹਾਲ ਤਾੜੀਆਂ ਅਤੇ ਰੌਲੇ ਦੀ ਗੂੰਜ ਨਾਲ ਹਿੱਲ ਗਿਆ। ਮੰਗਣੀ ਦੇ ਐਲਾਨ ਤੋਂ ਬਾਅਦ ਇਸ ਪਲ ਨੂੰ ਹੋਰ ਵੀ ਯਾਦਗਾਰ ਬਣਾਉਂਦੇ ਹੋਏ ਇਸ ਨਵੇਂ ਜੋੜੇ ਨੇ ਜੈਸਮੀਨ ਦੇ ਹੀ ਸੁਪਰਹਿੱਟ ਰੋਮਾਂਟਿਕ ਗੀਤ ÷ਲਾਵਾਂ÷ 'ਤੇ ਖ਼ੂਬਸੂਰਤ ਡਾਂਸ ਕੀਤਾ। ਸਟੇਜ 'ਤੇ ਦੋਵਾਂ ਦੀ ਕੈਮਿਸਟਰੀ ਅਤੇ ਖ਼ੁਸ਼ੀ ਸਾਫ਼ ਝਲਕ ਰਹੀ ਸੀ। ਕੰਸਰਟ ਵਿੱਚ ਮੌਜੂਦ ਲੋਕਾਂ ਲਈ ਇਹ ਪਲ ਹਮੇਸ਼ਾ ਲਈ ਯਾਦਗਾਰ ਬਣ ਗਿਆ ਹੈ, ਅਤੇ ਹੁਣ ਇਸ ਖ਼ੂਬਸੂਰਤ ਵੀਡੀਓ ਨੂੰ ਦੇਖ ਕੇ ਸੋਸ਼ਲ ਮੀਡੀਆ ਯੂਜ਼ਰਸ ਜੋੜੇ 'ਤੇ ਰੱਜ ਕੇ ਪਿਆਰ ਬਰਸਾ ਰਹੇ ਹਨ। ਜਲੰਧਰ ਵਿੱਚ ਜਨਮੀ ਅਤੇ ਕੈਲੀਫੋਰਨੀਆ (ਅਮਰੀਕਾ) ਵਿੱਚ ਵੱਡੀ ਹੋਈ ਜੈਸਮੀਨ ਸੈਂਡਲਸ ਨੇ ਆਪਣੇ ਸੰਗੀਤਕ ਸਫ਼ਰ ਦੀ ਸ਼ੁਰੂਆਤ ਸਾਲ 2008 ਵਿੱਚ ਆਏ ਗੀਤ 'ਮੁਸਕਾਨ' ਨਾਲ ਕੀਤੀ ਸੀ।

# ਮਾਈ ਭਾਰਤ ਜ਼ਿਲ੍ਹਾ ਸਲਾਹਕਾਰ ਕਮੇਟੀ ਨੇ ਚੰਡੀਗੜ੍ਹ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਨੂੰ ਸਸ਼ਕਤ ਬਣਾਉਣ ਦੇ ਉਪਾਵਾਂ ਦੀ ਸਮੀਖਿਆ ਕੀਤੀ

ਜ਼ਿਕਰ ਪੰਜਾਬ



**ਚੰਡੀਗੜ੍ਹ** : ਮਾਈ ਭਾਰਤ, ਚੰਡੀਗੜ੍ਹ ਦੀ ਜ਼ਿਲ੍ਹਾ ਸਲਾਹਕਾਰ ਕਮੇਟੀ ਦੀ ਬੈਠਕ ਅੱਜ ਉਪਮੰਡਲ ਮੈਜਿਸਟ?ਰੇਟ (ਦੱਖਣ), ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤੀ ਗਈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ, ਚੰਡੀਗੜ੍ਹ ਦੇ ਨਾਮਜ਼ਦ ਪ੍ਰਤੀਨਿਧੀ ਵਜੋਂ ਬੈਠਕ ਦੀ ਪ੍ਰਧਾਨਗੀ ਕੀਤੀ। ਬੈਠਕ ਵਿੱਚ ਚੰਡੀਗੜ੍ਹ ਵਿੱਚ ਮਾਈ ਭਾਰਤ ਦੀਆਂ ਵੱਖ-ਵੱਖ ਪਹਿਲਕਦਮੀਆਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ ਅਤੇ ਵਿਦਿਅਕ ਸੰਸਥਾਵਾਂ ਦੇ ਮਾਧਿਅਮ ਰਾਹੀਂ ਨੌਜਵਾਨਾਂ ਦੀ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਉਪਾਵਾਂ 'ਤੇ ਵਿਸਤ੍ਰਿਤ ਚਰਚਾ ਕੀਤੀ ਗਈ। ਬੈਠਕ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਵਿਦਿਅਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਨੇ ਭਾਗ ਲਿਆ। ਬੈਠਕ ਵਿੱਚ ਇਹ ਫੈਸਲਾ ਲਿਆ ਗਿਆ ਕਿ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਆਪਣੇ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਮਾਈ ਭਾਰਤ ਪੋਰਟਲ 'ਤੇ ਯਕੀਨੀ ਬਣਾਉਣ ਲਈ ਨਿਰਦੇਸ਼ਿਤ ਕੀਤਾ ਜਾਵੇਗਾ। ਨਾਲ ਹੀ, ਹਰੇਕ ਸੰਸਥਾ ਤੋਂ ਇੱਕ ਨੋਡਲ ਅਫ਼ਸਰ ਅਤੇ ਕੈਂਪਸ ਐਂਬੈਸਡਰ ਨਿਯੁਕਤ ਕਰਨ ਦੀ ਬੇਨਤੀ ਕੀਤੀ ਜਾਵੇਗੀ, ਤਾਂ ਜੋ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ, ਵਾਲੰਟੀਅਰਿਜ਼ਮ (ਸਵੈ-ਸੇਵਾ) ਨੂੰ ਉਤਸ਼ਾਹ ਮਿਲੇ ਅਤੇ ਸੰਸਥਾਗਤ ਪੱਧਰ 'ਤੇ ਮਾਈ ਭਾਰਤ ਦੀਆਂ ਗਤੀਵਿਧੀਆਂ ਦਾ ਪ੍ਰਭਾਵਸ਼ਾਲੀ ਸੰਚਾਲਨ ਹੋ ਸਕੇ। ਕਮੇਟੀ ਨੇ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੱਤਾ ਕਿ ਰਾਸ਼ਟਰ ਨਿਰਮਾਣ ਨਾਲ ਸੰਬੰਧਿਤ ਪਹਿਲਕਦਮੀਆਂ ਅਤੇ ਮਾਈ ਭਾਰਤ ਮੰਚ ਦੇ ਮਾਧਿਅਮ ਰਾਹੀਂ ਉਪਲਬਧ ਅਨੁਭਵੀ ਸਿਖਲਾਈ ਦੇ ਅਵਸਰਾਂ ਵਿੱਚ ਨੌਜਵਾਨਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਉਣ ਲਈ ਸਾਰੇ ਹਿੱਸੇਦਾਰਾਂ ਵਿਚਕਾਰ ਤਾਲਮੇਲ ਵਾਲੇ ਯਤਨ ਜ਼ਰੂਰੀ ਹਨ। ਬੈਠਕ ਦੀ ਸਮਾਪਤੀ ਇਸ ਸੰਕਲਪ ਨਾਲ ਹੋਈ ਕਿ ਸਾਰੇ ਸੰਬੰਧਿਤ ਵਿਭਾਗ ਅਤੇ ਸੰਸਥਾਵਾਂ ਮਿਲ ਕੇ ਚੰਡੀਗੜ੍ਹ ਵਿੱਚ ਮਾਈ ਭਾਰਤ ਦੇ ਸਸ਼ਕਤ ਈਕੋਸਿਸਟਮ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਕਰਨਗੇ ਅਤੇ ਨੌਜਵਾਨਾਂ ਨੂੰ ਭਾਈਚਾਰਕ ਵਿਕਾਸ ਅਤੇ ਵਾਲੰਟੀਅਰ ਗਤੀਵਿਧੀਆਂ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਲਈ ਪ੍ਰੇਰਿਤ ਕਰਨਗੇ।

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਆਧਾਰ ਆਪਰੇਟਰਾਂ ਅਤੇ ਸੁਪਰਵਾਈਜ਼ਰਾਂ ਲਈ ਇੱਕ ਰੋਜ਼ਾ ਰਾਜ ਪੱਧਰੀ ਮੈਗਾ ਟ੍ਰੇਨਿੰਗ

ਜ਼ਿਕਰ ਪੰਜਾਬ

**ਲੁਧਿਆਣਾ/ਪੀ.ਆਈ.ਬੀ**



ਯੂਆਈਡੀਏਆਈ ਖੇਤਰੀ ਦਫ਼ਤਰ, ਚੰਡੀਗੜ੍ਹ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਆਧਾਰ ਆਪਰੇਟਰਾਂ ਅਤੇ ਸੁਪਰਵਾਈਜ਼ਰਾਂ ਲਈ ਇੱਕ ਰੋਜ਼ਾ ਰਾਜ ਪੱਧਰੀ ਮੈਗਾ ਟ੍ਰੇਨਿੰਗ ਦਾ ਆਯੋਜਨ ਕੀਤਾ। ਪੰਜਾਬ ਭਰ ਦੇ ਵੱਖ-ਵੱਖ ਵਿਭਾਗਾਂ, ਜਿਨ੍ਹਾਂ ਵਿੱਚ ਡੀਜੀਜੀਆਈਟੀ ਪੰਜਾਬ, ਸਕੂਲ ਸਿੱਖਿਆ ਵਿਭਾਗ, ਮਹਿਲਾ ਅਤੇ ਬਾਲ ਵਿਕਾਸ ਵਿਭਾਗ ਅਤੇ ਡਾਕ ਵਿਭਾਗ ਸ਼ਾਮਲ ਹਨ, ਦੇ ਕੁੱਲ 119 ਪ੍ਰਤੀਯੋਗੀਆਂ ਨੇ ਇਸ ਸਿਖਲਾਈ ਪ੍ਰੋਗਰਾਮ ਵਿੱਚ ਭਾਗ ਲਿਆ। ਇਸ ਸੈਸ਼ਨ ਵਿੱਚ ਆਧਾਰ ਈਕੋਸਿਸਟਮ ਦੇ ਮੁੱਖ ਪਹਿਲੂਆਂ, ਸੰਚਾਲਨ ਪ੍ਰਕਿਰਿਆਵਾਂ ਅਤੇ ਯੂਆਈਡੀਏਆਈ ਦੁਆਰਾ ਜਾਰੀ ਨਵੀਨਤਮ ਦਿਸ਼ਾ-ਨਿਰਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ। ਇਸ ਸਿਖਲਾਈ ਦਾ ਉਦੇਸ਼ ਆਧਾਰ ਆਪਰੇਟਰਾਂ ਦੇ ਗਿਆਨ ਅਤੇ ਯੋਗਤਾਵਾਂ ਨੂੰ ਵਧਾਉਣਾ ਸੀ ਤਾਂ ਜੋ ਨਿਵਾਸੀਆਂ ਨੂੰ ਕੁਸ਼ਲ ਸੇਵਾ ਪ੍ਰਦਾਨ ਕਰਨੀ ਯਕੀਨੀ ਬਣਾਈ ਜਾ ਸਕੇ। ਸ਼੍ਰੀ ਸੁਮਿਤ ਭਟਨਾਗਰ, ਟ੍ਰੇਨਰ, ਯੂਆਈਡੀਏਆਈ ਅਤੇ ਸ਼੍ਰੀ ਅੰਕੁਸ਼ ਠਾਕੁਰ, ਸਹਾਇਕ ਮੈਨੇਜਰ - ਪੰਜਾਬ, ਯੂਆਈਡੀਏਆਈ ਨੇ ਯੂਨੀਵਰਸਲ ਕਲਾਇੰਟ ਨੂੰ ਅਪਣਾਉਣ ਅਤੇ ਸੰਚਾਲਨ ਤਰੁੱਟੀਆਂ ਨੂੰ ਘਟਾਉਣ ਲਈ ਯੂਆਈਡੀਏਆਈ ਦੇ ਦਿਸ਼ਾ-ਨਿਰਦੇਸ਼ਾਂ ਅਤੇ ਮਿਆਰੀ ਸੰਚਾਲਨ ਪ੍ਰਕਿਰਿਆਵਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਨਿਵਾਸੀਆਂ ਨੂੰ ਆਪਣੇ ਆਧਾਰ ਦਸਤਾਵੇਜ਼ਾਂ ਨੂੰ ਅਪਡੇਟ ਕਰਨ ਲਈ ਉਤਸ਼ਾਹਿਤ ਕਰਨ ਦੇ ਮਹੱਤਵ 'ਤੇ ਵੀ ਚਾਨਣਾ ਪਾਇਆ, ਜੇਕਰ ਉਨ੍ਹਾਂ ਨੇ ਪਿਛਲੇ ਦਸ ਸਾਲਾਂ ਵਿੱਚ ਉਨ੍ਹਾਂ ਨੂੰ ਅਪਡੇਟ ਨਹੀਂ ਕੀਤਾ ਹੈ। ਪ੍ਰਤੀਯੋਗੀਆਂ ਨੂੰ ਸੌਫਟ ਸਕਿੱਲਜ਼, ਯੂਆਈਡੀਏਆਈ ਦੇ ਵਿਜ਼ਨ ਅਤੇ ਮਿਸ਼ਨ, ਅਤੇ ਪੇਸ਼ੇਵਰਤਾ ਤੇ ਕਾਰਜ ਨੈਤਿਕਤਾ ਦੇ ਉੱਚ ਮਿਆਰਾਂ ਨੂੰ ਬਣਾਈ ਰੱਖਣ ਦੇ ਮਹੱਤਵ ਬਾਰੇ ਵੀ ਜਾਗਰੂਕ ਕੀਤਾ ਗਿਆ। ਇੰਟਰਐਕਟਿਵ ਸੈਸ਼ਨ ਦੌਰਾਨ, ਸ਼੍ਰੀ ਮਧੁਰ ਬਾਂਸਲ, ਪ੍ਰੋਜੈਕਟ ਮੈਨੇਜਰ, ਯੂਆਈਡੀਏਆਈ ਅਤੇ ਸ਼੍ਰੀ ਅੰਕੁਸ਼ ਠਾਕੁਰ ਨੇ ਪ੍ਰਤੀਯੋਗੀਆਂ ਦੇ ਸਵਾਲਾਂ ਦਾ ਹੱਲ ਕੀਤਾ ਅਤੇ ਆਧਾਰ ਐਨਰੋਲਮੈਂਟ ਅਤੇ ਅਪਡੇਟ ਈਕੋਸਿਸਟਮ 'ਤੇ ਵਿਸਤ੍ਰਿਤ ਸਪੱਸ਼ਟੀਕਰਨ ਪ੍ਰਦਾਨ ਕੀਤਾ। ਉਨ੍ਹਾਂ ਨੇ ਨਵੀਨਤਮ ਯੂਨੀਵਰਸਲ ਕਲਾਇੰਟ ਮੋਡੀਊਲ ਦਾ ਪ੍ਰਦਰਸ਼ਨ ਵੀ ਕੀਤਾ ਅਤੇ ਯੂਨੀਵਰਸਲ ਕਲਾਇੰਟ ਦਾ ਲਾਈਵ ਪ੍ਰਦਰਸ਼ਨ ਕੀਤਾ, ਜਿਸ ਨਾਲ ਪ੍ਰਤੀਯੋਗੀ ਕੁਸ਼ਲ ਆਧਾਰ ਐਨਰੋਲਮੈਂਟ ਅਤੇ ਅਪਡੇਟ ਕਾਰਜਾਂ ਲਈ ਇਸਦੀਆਂ ਵਿਸ਼ੇਸ਼ਤਾਵਾਂ ਅਤੇ ਕਾਰਜਕੁਸ਼ਲਤਾਵਾਂ ਦਾ ਵਿਹਾਰਕ ਅਨੁਭਵ ਪ੍ਰਾਪਤ ਕਰਨ ਦੇ ਯੋਗ ਹੋਏ। ਯੂਆਈਡੀਏਆਈ ਆਧਾਰ ਈਕੋਸਿਸਟਮ ਨੂੰ ਮਜ਼ਬੂਤ ਕਰਨ, ਈਕੋਸਿਸਟਮ ਦੇ ਭਾਈਵਾਲਾਂ ਦੇ ਹੁਨਰ ਨੂੰ ਵਧਾਉਣ ਅਤੇ ਸੁਰੱਖਿਅਤ, ਕੁਸ਼ਲ ਅਤੇ ਨਾਗਰਿਕ-ਕੇਂਦ੍ਰਿਤ ਆਧਾਰ ਸੇਵਾਵਾਂ ਦੀ ਡਿਲੀਵਰੀ ਯਕੀਨੀ ਬਣਾਉਣ ਲਈ ਨਿਯਮਤ ਤੌਰ 'ਤੇ ਅਜਿਹੇ ਸਮਰੱਥਾ-ਨਿਰਮਾਣ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ। ਸਿਖਲਾਈ ਦਾ ਸਮਾਪਨ ਇੱਕ ਇੰਟਰਐਕਟਿਵ ਚਰਚਾ ਅਤੇ ਆਧਾਰ ਸਿਧਾਂਤਾਂ, ਸੰਚਾਲਨ ਦੀਆਂ ਸਰਵੋਤਮ ਪ੍ਰਥਾਵਾਂ ਅਤੇ ਵਿਕਸਤ ਹੋ ਰਹੇ ਆਧਾਰ ਈਕੋਸਿਸਟਮ ਦੀ ਇੱਕ ਵਿਆਪਕ ਸਮੀਖਿਆ ਦੇ ਨਾਲ ਹੋਇਆ।

# ਹੋਮੀ ਭਾਭਾ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਨੇ 6 ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ ਪੂਰੀਆਂ ਕੀਤੀਆਂ 100 ਰੋਬੋਟਿਕ ਕੈਂਸਰ ਸਰਜਰੀਆਂ

ਜ਼ਿਕਰ ਪੰਜਾਬ

**ਨਿਊ ਚੰਡੀਗੜ੍ਹ/ਪੀ.ਆਈ.ਬੀ**



ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ , ਪੰਜਾਬ ਨੇ ਮਰੀਜ਼ਾਂ ਲਈ ਬਿਨਾਂ ਕਿਸੇ ਵਾਧੂ ਖਰਚੇ ਦੇ ਮਹਿਜ਼ ਛੇ ਮਹੀਨਿਆਂ ਵਿੱਚ 100 ਤੋਂ ਵੱਧ ਗੁੰਝਲਦਾਰ ਰੋਬੋਟਿਕ ਸਰਜਰੀਆਂ ਸਫਲਤਾਪੂਰਵਕ ਕੀਤੀਆਂ ਹਨ। ਹੋਮੀ ਭਾਭਾ ਕੈਂਸਰ ਹਸਪਤਾਲ ਭਾਰਤ ਸਰਕਾਰ ਦੇ ਪ੍ਰਮਾਣੂ ਊਰਜਾ ਵਿਭਾਗ ਦੇ ਅਧੀਨ ਟਾਟਾ ਮੈਮੋਰੀਅਲ ਸੈਂਟਰ ਦੀ ਇੱਕ ਇਕਾਈ ਹੈ। ਇਹ ਮੀਲ ਪੱਥਰ ਹਾਸਲ ਕਰਨ ਵਾਲਾ ਕੇਂਦਰ ਸਰਕਾਰ ਦਾ ਇਹ ਹਸਪਤਾਲ ਪੰਜਾਬ ਦੇ ਨਿਊ ਚੰਡੀਗੜ੍ਹ ਵਿੱਚ ਸਥਿਤ ਹੈ। ਰੋਬੋਟਿਕ ਸਰਜਰੀ ਦੀ ਸਹੂਲਤ ਦੀ ਯੋਜਨਾ ਦਾ ਐਲਾਨ ਪਿਛਲੇ ਸਾਲ ਅਗਸਤ ਵਿੱਚ ਹੋਮੀ ਭਾਭਾ ਕੈਂਸਰ ਕਾਨਫਰੰਸ ਦੌਰਾਨ ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਵੱਲੋਂ ਕੀਤਾ ਗਿਆ ਸੀ। ਇਸ ਪ੍ਰਾਪਤੀ ਨੂੰ ਸਾਂਝਾ ਕਰਦਿਆਂ, ਹੋਮੀ ਭਾਭਾ ਕੈਂਸਰ ਹਸਪਤਾਲ ਦੇ ਡਾਇਰੈਕਟਰ ਡਾ. ਆਸ਼ੀਸ਼ ਗੁਲੀਆ ਨੇ ਦੱਸਿਆ ਕਿ ਰੋਬੋਟਿਕ ਸਰਜਰੀ ਪੂਰੇ ਉੱਤਰੀ ਭਾਰਤ ਵਿੱਚ ਕੇਵਲ ਕੁਝ ਚੋਣਵੇਂ ਹਸਪਤਾਲਾਂ ਵਿੱਚ ਹੀ ਉਪਲਬਧ ਹੈ। ਡਾ. ਗੁਲੀਆ ਨੇ ਕਿਹਾ, "ਸ਼ੁਰੂਆਤ ਦੇ ਸਮੇਂ, ਅਸੀਂ ਪਹਿਲੇ 80 ਮਰੀਜ਼ਾਂ ਨੂੰ ਮੁਫ਼ਤ ਰੋਬੋਟਿਕ ਸਰਜਰੀ ਦੇਣ ਦਾ ਵਾਅਦਾ ਕੀਤਾ ਸੀ। ਸਾਨੂੰ ਇਹ ਦੱਸਦਿਆਂ ਮਾਣ ਹੋ ਰਿਹਾ ਹੈ ਕਿ ਅਸੀਂ ਨਾ ਸਿਰਫ਼ ਛੇ ਮਹੀਨਿਆਂ ਤੋਂ ਵੀ ਘੱਟ ਸਮੇਂ ਵਿੱਚ 100 ਸਫਲ ਰੋਬੋਟਿਕ ਸਰਜਰੀਆਂ ਪੂਰੀਆਂ ਕੀਤੀਆਂ, ਬਲਕਿ ਸਾਰੇ 100 ਮਰੀਜ਼ਾਂ ਨੂੰ ਬਿਨਾਂ ਕਿਸੇ ਵਾਧੂ ਖਰਚੇ ਦੇ ਇਹ ਇਲਾਜ ਮਿਲਿਆ।" ਉਨ੍ਹਾਂ ਅੱਗੇ ਕਿਹਾ, "ਸਾਡੇ ਨਿਊ ਚੰਡੀਗੜ੍ਹ ਕੈਂਪਸ ਵਿੱਚ ਰੋਬੋਟਿਕ ਸਰਜਰੀ ਦੀ ਸਹੂਲਤ ਆਧੁਨਿਕ ਮੈਡੀਕਲ ਤਕਨਾਲੋਜੀ ਨਾਲ ਲੈਸ ਹੈ ਅਤੇ ਹੁਣ ਹੋਰ ਨਿੱਜੀ ਸਿਹਤ ਸੰਸਥਾਵਾਂ ਦੇ ਮੁਕਾਬਲੇ ਬਹੁਤ ਘੱਟ ਲਾਗਤ 'ਤੇ ਇਲਾਜ ਦੀ ਪੇਸ਼ਕਸ਼ ਕਰ ਰਹੀ ਹੈ।" ਓਨਕੋਸਰਜਰੀ ਵਿਭਾਗ ਦੇ ਮੁਖੀ ਡਾ. ਵਿਕਰਮ ਸਿੰਘ ਨੇ ਸਪੱਸ਼ਟ ਕੀਤਾ ਕਿ ਰੋਬੋਟਿਕ ਸਰਜਰੀ ਸਰਜਨ ਦੀ ਜਗ੍ਹਾ ਨਹੀਂ ਲੈਂਦੀ।

ਉਨ੍ਹਾਂ ਕਿਹਾ, "ਪੂਰੀ ਪ੍ਰਕਿਰਿਆ ਦੌਰਾਨ ਸਰਜਨ ਦਾ ਹੀ ਪੂਰਾ ਕੰਟਰੋਲ ਰਹਿੰਦਾ ਹੈ ਅਤੇ ਸਾਰੇ ਅਹਿਮ ਫੈਸਲੇ ਆਪਰੇਟਿੰਗ ਸਰਜਨ ਵੱਲੋਂ ਹੀ ਲਏ ਜਾਂਦੇ ਹਨ। ਰੋਬੋਟ ਸਿਰਫ਼ ਸਰਜਰੀ ਨੂੰ ਵਧੇਰੇ ਸ਼ੁੱਧਤਾ ਨਾਲ ਕਰਨ ਵਿੱਚ ਮਦਦ ਕਰਦਾ ਹੈ।" ਰੋਬੋਟਿਕ ਸਰਜਰੀਆਂ ਦੇ ਫਾਇਦਿਆਂ ਬਾਰੇ ਦੱਸਦਿਆਂ ਓਨਕੋਸਰਜਨ ਡਾ. ਅਰਵਿੰਦ ਗੁਰੂ ਨੇ ਕਿਹਾ ਕਿ ਰੋਬੋਟਿਕ ਸਰਜਰੀ ਸਰਜਨਾਂ ਨੂੰ ਸਰੀਰ ਦੇ ਉਨ੍ਹਾਂ ਹਿੱਸਿਆਂ ਵਿੱਚ ਵਧੇਰੇ ਸ਼ੁੱਧਤਾ ਨਾਲ ਆਪਰੇਸ਼ਨ ਕਰਨ ਦੀ ਇਜਾਜ਼ਤ ਦਿੰਦੀ ਹੈ ਜਿੱਥੇ ਪਹੁੰਚਣਾ ਮੁਸ਼ਕਲ ਹੁੰਦਾ ਹੈ, ਜਦੋਂ ਕਿ ਇਸ ਵਿੱਚ ਸਿਰਫ਼ ਛੋਟੇ ਕੀਹੋਲ ਦੇ ਆਕਾਰ ਦੇ ਚੀਰਿਆਂ ਦੀ ਲੋੜ ਹੁੰਦੀ ਹੈ। ਇਸ ਦੇ ਨਤੀਜੇ ਵਜੋਂ ਖੂਨ ਘੱਟ ਵਹਿੰਦਾ ਹੈ, ਦਰਦ ਘੱਟ ਹੁੰਦਾ ਹੈ ਅਤੇ ਮਰੀਜ਼ ਜਲਦੀ ਠੀਕ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਹਸਪਤਾਲ ਨੇ ਇੱਕ 80 ਸਾਲਾ ਮਰੀਜ਼ ਦੀ ਵੀ ਸਫਲ ਰੋਬੋਟਿਕ ਸਰਜਰੀ ਕੀਤੀ ਹੈ, ਜਿਸ ਨੂੰ ਆਈ.ਸੀ.ਯੂ. ਵਿੱਚ ਘੱਟ ਸਮਾਂ ਬਿਤਾਉਣਾ ਪਿਆ ਅਤੇ ਉਹ ਤੇਜ਼ੀ ਨਾਲ ਸਿਹਤਮੰਦ ਹੋਏ। ਪੰਜਾਬ ਅਤੇ ਗੁਆਂਢੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਕੈਂਸਰ ਦੇਖਭਾਲ ਪ੍ਰਦਾਨ ਕਰਨ ਦੇ ਯਤਨਾਂ ਵਿੱਚ, ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਨੇ ਅਗਸਤ, 2022 ਵਿੱਚ ਮੁੱਲਾਂਪੁਰ, ਨਿਊ ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਾ, ਮੋਹਾਲੀ ਵਿਖੇ 'ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ' ਰਾਸ਼ਟਰ ਨੂੰ ਸਮਰਪਿਤ ਕੀਤਾ ਸੀ। ਇਹ ਹਸਪਤਾਲ ਭਾਰਤ ਸਰਕਾਰ ਦੇ ਪਰਮਾਣੂ ਊਰਜਾ ਵਿਭਾਗ ਅਧੀਨ ਇੱਕ ਸਹਾਇਤਾ ਪ੍ਰਾਪਤ ਸੰਸਥਾ, ਟਾਟਾ ਮੈਮੋਰੀਅਲ ਸੈਂਟਰ ਦੁਆਰਾ 660 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਸੀ। ਕੈਂਸਰ ਹਸਪਤਾਲ 300 ਬਿਸਤਰਿਆਂ ਦੀ ਸਮਰੱਥਾ ਵਾਲਾ ਇੱਕ ਤੀਜੇ ਦਰਜੇ ਦਾ ਦੇਖਭਾਲ ਹਸਪਤਾਲ ਹੈ।ਇਹ ਹਸਪਤਾਲ ਖੇਤਰ ਵਿੱਚ ਕੈਂਸਰ ਦੇਖਭਾਲ ਅਤੇ ਇਲਾਜ ਦੇ 'ਹੱਬ' ਵਜੋਂ ਕੰਮ ਕਰਦਾ ਹੈ, ਸੰਗਰੂਰ ਵਿੱਚ 150 ਬਿਸਤਰਿਆਂ ਵਾਲਾ ਹਸਪਤਾਲ ਇਸਦੇ 'ਸਪੋਕਸ' ਵਜੋਂ ਕੰਮ ਕਰਦਾ ਹੈ।

# ਆਈਐਮਟੇਕ ਨੇ ਦਰੱਖ਼ਤ ਲਗਾਉਣ ਦੀ ਮੁਹਿੰਮ ਨਾਲ ਵਣ ਮਹੋਤਸਵ 2026 ਮਨਾਇਆ



ਜ਼ਿਕਰ ਪੰਜਾਬ

**ਚੰਡੀਗੜ੍ਹ/ਪੀ.ਆਈ.ਬੀ**

ਸੀਐਸਆਈਆਰ-ਸੂਖਮ ਜੀਵ ਤਕਨਾਲੋਜੀ ਸੰਸਥਾ , ਚੰਡੀਗੜ੍ਹ ਨੇ ਅੱਜ ਵਾਤਾਵਰਣ ਦੀ ਸਥਿਰਤਾ ਅਤੇ ਪਾਰਿਸਥਿਤਿਕ ਸੰਭਾਲ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਆਪਣੇ ਸੈਕਟਰ 39ਏ ਕੈਂਪਸ ਵਿੱਚ ਇੱਕ ਦਰਖ਼ਤ ਲਗਾਉਣ ਦੀ ਮੁਹਿੰਮ ਦਾ ਆਯੋਜਨ ਕਰਕੇ ਵਣ ਮਹੋਤਸਵ 2026 ਮਨਾਇਆ। ਦਰਖ਼ਤ ਲਗਾਉਣ ਦੀ ਮੁਹਿੰਮ ਦੀ ਅਗਵਾਈ ਸੀਐਸਆਈਆਰ-ਇਮਟੈਕ ਦੀ ਡਾਇਰੈਕਟਰ ਡਾ. ਅਲਕਾ ਰਾਓ ਅਤੇ ਬਾਗਬਾਨੀ ਵਿਭਾਗ ਦੇ ਇੰਚਾਰਜ ਡਾ. ਸਚਿਨ ਰਾਉਤ ਨੇ ਕੀਤੀ। ਇਸ ਪ੍ਰੋਗਰਾਮ ਵਿੱਚ ਖੋਜਾਰਥੀਆਂ ਦੇ ਨਾਲ-ਨਾਲ ਸੀਐਸਆਈਆਰ-ਇਮਟੈਕ ਦੇ ਵਿਗਿਆਨੀਆਂ, ਤਕਨੀਕੀ ਅਤੇ ਪ੍ਰਸ਼ਾਸਨਿਕ ਸਟਾਫ ਨੇ ਸਰਗਰਮੀ ਨਾਲ ਭਾਗ ਲਿਆ। ਵਣ ਮਹੋਤਸਵ ਦੌਰਾਨ, ਜੈਵ-ਵਿਵਿਧਤਾ ਨੂੰ ਉਤਸ਼ਾਹਿਤ ਕਰਨ, ਕੈਂਪਸ ਦੇ ਹਰੇ ਭਰੇ ਖੇਤਰ ਨੂੰ ਸੁਧਾਰਨ ਅਤੇ ਵਾਤਾਵਰਣ ਦੀ ਦੇਖਭਾਲ ਦੇ ਮਹੱਤਵ ਨੂੰ ਮਜ਼ਬੂਤ ਕਰਨ ਲਈ ਕਈ ਤਰ੍ਹਾਂ ਦੇ ਦੇਸੀ ਅਤੇ ਬਨਸਪਤੀ ਪੌਦੇ ਲਗਾਏ ਗਏ। ਦਰਖ਼ਤ ਲਗਾਉਣ ਦੀ ਮੁਹਿੰਮ ਨੇ ਰਾਸ਼ਟਰੀ ਮੁਹਿੰਮ ਏਕ ਪੇੜ ਮਾਂ ਕੇ ਨਾਮ ਦਾ ਵੀ ਸਮਰਥਨ ਕੀਤਾ, ਜੋ ਮਾਂ ਬੋਲੀ/ਮਾਤ੍ਰਿਤਵ ਅਤੇ ਕੁਦਰਤ ਦੇ ਵਿਚਕਾਰ ਪਾਲਣ-ਪੋਸ਼ਣ ਦੇ ਰਿਸ਼ਤੇ ਦਾ ਪ੍ਰਤੀਕ ਹੈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਸੀਐਸਆਈਆਰ-ਇਮਟੈਕ ਦੀ ਡਾਇਰੈਕਟਰ ਡਾ. ਅਲਕਾ ਰਾਓ ਨੇ ਕੁਦਰਤ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਵਣ ਮਹੋਤਸਵ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਰੱਖਿਆ ਅਤੇ ਪਾਲਣ-ਪੋਸ਼ਣ ਕਰਨ ਦੇ ਸਾਡੇ ਸਮੂਹਿਕ ਕਰਤੱਵ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਨੇ ਸੰਸਥਾ ਦੇ ਸਾਰੇ ਮੈਂਬਰਾਂ ਨੂੰ ਟਿਕਾਊ ਅਭਿਆਸਾਂ ਵਿੱਚ ਸਰਗਰਮੀ ਨਾਲ ਯੋਗਦਾਨ ਪਾਉਣ ਅਤੇ ਦਰਖ਼ਤ ਲਗਾਉਣ ਨੂੰ ਇੱਕ ਵਾਰ ਦੀ ਗਤੀਵਿਧੀ ਦੀ ਬਜਾਏ ਇੱਕ ਨਿਰੰਤਰ ਸਮੂਹਿਕ ਯਤਨ ਬਣਾਉਣ ਲਈ ਪ੍ਰੇਰਿਤ ਕੀਤਾ। ਆਪਣੇ ਭਾਈਵਾਲਾਂ ਦਾ ਧੰਨਵਾਦ ਪ੍ਰਗਟ ਕਰਦੇ ਹੋਏ, ਸੀਐਸਆਈਆਰ-ਇਮਟੈਕ ਨੇ ਪੌਦੇ ਮੁਹੱਈਆ ਕਰਵਾਉਣ ਅਤੇ ਇਸ ਸਮਾਗਮ ਦੇ ਸਫਲ ਆਯੋਜਨ ਵਿੱਚ ਯੋਗਦਾਨ ਪਾਉਣ ਲਈ ਸ਼੍ਰੀ ਸੌਰਭ ਕੁਮਾਰ, ਆਈਐਫਐਸ, ਮੁੱਖ ਵਣ ਸੰਭਾਲਕ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਭਾਰਤੀ ਉਦਯੋਗ ਸੰਘ ਚੰਡੀਗੜ੍ਹ, ਸੀਆਈਆਈ-ਇੰਡੀਅਨ ਵੂਮੈਨ ਨੈੱਟਵਰਕ ਚੰਡੀਗੜ੍ਹ ਟ?ਰਾਈਸਿਟੀ ਚੈਪਟਰ, ਅਤੇ ਜੇਡ ਐਕਸਕਲੂਸਿਵ ਚੰਡੀਗੜ੍ਹ ਦੇ ਸਹਿਯੋਗ ਨੂੰ ਸਵੀਕਾਰ ਕੀਤਾ। ਸੀਐਸਆਈਆਰ-ਇਮਟੈਕ ਸੂਖਮ ਜੀਵ ਵਿਗਿਆਨ ਵਿੱਚ ਉੱਤਮਤਾ ਦਾ ਇੱਕ ਰਾਸ਼ਟਰੀ ਕੇਂਦਰ ਹੈ ਅਤੇ ਇਸਦੀ ਸਥਾਪਨਾ 1984 ਵਿੱਚ ਕੀਤੀ ਗਈ ਸੀ। ਇਮਟੈਕ ਦਾ ਦ੍ਰਿਸ਼ਟੀਕੋਣ ਅਤੇ ਮਿਸ਼ਨ ਕ੍ਰਮਵਾਰ ਮੌਲਿਕ ਖੋਜਾਂ ਦੁਆਰਾ ਮਜ਼ਬੂਤ ਕੀਤੇ ਗਏ ਅਨੁਵਾਦਕੀ ਈਕੋਸਿਸਟਮ ਨੂੰ ਬਣਾਉਣਾ ਅਤੇ ਅਤਿ-ਆਧੁਨਿਕ ਪ੍ਰਕਿਰਿਆਵਾਂ ਅਤੇ ਪਲੇਟਫਾਰਮਾਂ ਨਾਲ ਅਧੂਰੀਆਂ ਸਿਹਤ ਸੰਭਾਲ ਅਤੇ ਉਦਯੋਗਿਕ ਲੋੜਾਂ ਨੂੰ ਪੂਰਾ ਕਰਨਾ ਹੈ।

# ਬੀਆਈਐਸ ਹਰਿਆਣਾ ਸ਼ਾਖਾ ਦਫ਼ਤਰ ਨੇ ਕਰਨਾਲ ਦੇ ਪਿੰਡ ਬਜੀਦਾ ਜੱਟਾਂ ਵਿੱਚ ਇੱਕ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ



ਜ਼ਿਕਰ ਪੰਜਾਬ

**ਕਰਨਾਲ/ਪੀ.ਆਈ.ਬੀ**

ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ (ਬੀਆਈਐਸ), ਹਰਿਆਣਾ ਸ਼ਾਖਾ ਦਫ਼ਤਰ ਨੇ 10 ਜੁਲਾਈ, 2026 ਨੂੰ ਹਰਿਆਣਾ ਦੇ ਜ਼ਿਲ੍ਹਾ ਕਰਨਾਲ ਦੇ ਪਿੰਡ ਬਜੀਦਾ ਜੱਟਾਂ ਵਿੱਚ ਇੱਕ ਗ੍ਰਾਮ ਚੌਪਾਲ ਦਾ ਆਯੋਜਨ ਕੀਤਾ। ਪਿੰਡ ਦੇ ਸਰਪੰਚ ਸਮੇਤ ਲਗਭਗ 35 ਪਿੰਡ ਵਾਸੀਆਂ ਨੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਪ੍ਰੋਗਰਾਮ ਦਾ ਉਦੇਸ਼ ਪੇਂਡੂ ਨਾਗਰਿਕਾਂ ਅਤੇ ਕਿਸਾਨਾਂ ਵਿੱਚ ਗੁਣਵੱਤਾ ਦੇ ਮਿਆਰਾਂ, ਖਪਤਕਾਰ ਅਧਿਕਾਰਾਂ ਅਤੇ ਬੀਆਈਐਸ ਦੁਆਰਾ ਚਲਾਏ ਜਾ ਰਹੇ ਵੱਖ-ਵੱਖ ਪਹਿਲਕਦਮੀਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਬੀਆਈਐਸ ਹਰਿਆਣਾ ਸ਼ਾਖਾ ਦਫ਼ਤਰ ਦੇ ਸਟੈਂਡਰਡਜ਼ ਪ੍ਰਮੋਸ਼ਨ ਅਫ਼ਸਰ, ਸ਼੍ਰੀਮਤੀ ਆਰਤੀ ਚੌਧਰੀ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਬੀਆਈਐਸ ਪ੍ਰਮਾਣਿਤ ਉਤਪਾਦਾਂ, ਖਪਤਕਾਰ ਸੁਰੱਖਿਆ ਅਤੇ ਗੁਣਵੱਤਾ ਵਾਲੇ ਉਤਪਾਦਾਂ ਦੀ ਚੋਣ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਭਾਗੀਦਾਰਾਂ ਨੂੰ ਬੀਆਈਐਸ ਕੇਅਰ ਐਪ ਰਾਹੀਂ ਉਤਪਾਦਾਂ ਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਅਤੇ ਸ਼ਿਕਾਇਤਾਂ ਦਰਜ ਕਰਨ ਦੀ ਪ੍ਰਕਿਰਿਆ ਬਾਰੇ ਵੀ ਜਾਣਕਾਰੀ ਦਿੱਤੀ। ਕਿਉਂਕਿ ਝੋਨੇ ਦੀ ਬਿਜਾਈ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਇਸ ਮੌਕੇ ਕਿਸਾਨਾਂ ਨੂੰ ਖੇਤੀਬਾੜੀ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਗੁਣਵੱਤਾ ਅਤੇ ਮਿਆਰੀ ਉਪਕਰਣਾਂ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਕਿਸਾਨਾਂ ਨੂੰ ਖੇਤੀ ਲਈ ਖੇਤੀਬਾੜੀ ਟਰੈਕਟਰ, ਫਸਲਾਂ ਦੀ ਸੁਰੱਖਿਆ ਲਈ ਨੈਪਸੈਕ ਸਪ੍ਰੇਅਰ, ਝੋਨੇ ਦੀ ਪਿੜਾਈ ਲਈ ਪਾਵਰ ਥਰੈਸ਼ਰ ਅਤੇ ਵਾਢੀ ਲਈ ਕੰਬਾਈਨ ਹਾਰਵੈਸਟਰ ਵਰਗੇ ਸੰਦਾਂ ਦੀ ਵਰਤੋਂ ਅਤੇ ਗੁਣਵੱਤਾ ਦੇ ਮਿਆਰਾਂ ਬਾਰੇ ਜਾਗਰੂਕ ਕੀਤਾ ਗਿਆ। ਪ੍ਰੋਗਰਾਮ ਦੌਰਾਨ, ਹਾਲਮਾਰਕਿੰਗ ਅਤੇ ਤਸਦੀਕ ਬਾਰੇ ਵੀ ਜਾਗਰੂਕਤਾ ਪੈਦਾ ਕੀਤੀ ਗਈ, ਜਿਸ ਵਿੱਚ ਪਿੰਡ ਵਾਸੀਆਂ ਨੂੰ ਅਸਲੀ ਹਾਲਮਾਰਕ ਵਾਲੇ ਸੋਨੇ ਦੇ ਗਹਿਣਿਆਂ ਦੀ ਪਛਾਣ ਕਰਨ ਅਤੇ ਇਸਦੀ ਪ੍ਰਮਾਣਿਕਤਾ ਦੀ ਜਾਂਚ ਕਰਨ ਬਾਰੇ ਜਾਣਕਾਰੀ ਦਿੱਤੀ ਗਈ।

# ਕੈਬਨਿਟ ਮੰਤਰੀ ਮੋਹਿੰਦਰ ਭਗਤ ਵੱਲੋਂ ਈ.ਐਸ.ਆਈ. ਹਸਪਤਾਲ ਦਾ ਦੌਰਾ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**



ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਸ਼ਨੀਵਾਰ ਨੂੰ ਸਥਾਨਕ ਈ.ਐਸ.ਆਈ. ਹਸਪਤਾਲ ਦਾ ਦੌਰਾ ਕਰਕੇ ਹਸਪਤਾਲ ਵਿੱਚ ਉਪਲਬਧ ਸਿਹਤ ਸੇਵਾਵਾਂ, ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਅਤੇ ਵੱਖ-ਵੱਖ ਵਿਭਾਗਾਂ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਹਸਪਤਾਲ ਪ੍ਰਸ਼ਾਸਨ ਤੋਂ ਇਲਾਜ ਪ੍ਰਬੰਧ, ਆਧੁਨਿਕ ਮੈਡੀਕਲ ਉਪਕਰਣਾਂ, ਦਵਾਈਆਂ ਦੀ ਉਪਲਬਧਤਾ ਅਤੇ ਮਰੀਜ਼ਾਂ ਨੂੰ ਮਿਲ ਰਹੀਆਂ ਸਹੂਲਤਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਹਾਸਲ ਕੀਤੀ। ਨਿਰੀਖਣ ਦੌਰਾਨ ਕੈਬਨਿਟ ਮੰਤਰੀ ਨੇ ਹਸਪਤਾਲ ਵਿੱਚ ਦਾਖ਼ਲ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਵੀ ਕੀਤੀ ਅਤੇ ਇਲਾਜ ਸਬੰਧੀ ਉਨ੍ਹਾਂ ਦੇ ਤਜਰਬਿਆਂ ਬਾਰੇ ਜਾਣਕਾਰੀ ਲਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਉਦੇਸ਼ ਹਰ ਨਾਗਰਿਕ ਨੂੰ ਗੁਣਵੱਤਾ ਭਰਪੂਰ ਅਤੇ ਸੌਖੀਆਂ ਸਿਹਤ ਸੇਵਾਵਾਂ ਮੁਹੱਈਆ ਕਰਵਾਉਣਾ ਹੈ। ਇਸੇ ਮਕਸਦ ਨਾਲ ਪੰਜਾਬ ਸਰਕਾਰ ਨੇ ਸਰਕਾਰੀ ਹਸਪਤਾਲਾਂ ਵਿੱਚ ਸਿਹਤ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੈ ਤਾਂ ਜੋ ਲੋਕਾਂ ਨੂੰ ਬਿਹਤਰ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ 'ਤੇ ਨਿਰਭਰ ਨਾ ਰਹਿਣਾ ਪਵੇ। ਭਗਤ ਨੇ ਕਿਹਾ ਕਿ ਈ.ਐਸ.ਆਈ. ਹਸਪਤਾਲ ਵਿੱਚ ਮਰੀਜ਼ਾਂ ਨੂੰ ਮਿਆਰੀ ਤੇ ਬਿਹਤਰ ਸਿਹਤ ਸੇਵਾਵਾਂ ਮਿਲ ਰਹੀਆਂ ਹਨ, ਜੋ ਕਿ ਸਰਕਾਰ ਦੀ ਸਿਹਤ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਣ ਦੀ ਵਚਨਬੱਧਤਾ ਦਾ ਨਤੀਜਾ ਹੈ। ਉਨ੍ਹਾਂ ਹਸਪਤਾਲ ਦੇ ਡਾਕਟਰਾਂ, ਨਰਸਿੰਗ ਸਟਾਫ਼ ਅਤੇ ਹੋਰ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਰੀਜ਼ਾਂ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਮਰਪਣ ਦੀ ਭਾਵਨਾ ਨਾਲ ਸੇਵਾ ਕਰਨਾ ਹੀ ਸਿਹਤ ਸੇਵਾਵਾਂ ਦੀ ਸਭ ਤੋਂ ਵੱਡੀ ਪਛਾਣ ਹੈ।

# ਡੀ.ਸੀ. ਹਿਮਾਂਸ਼ੂ ਜੈਨ ਨੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਸਮਰਪਿਤ ਦਸਤਾਵੇਜ਼ੀ ਵੈਨਾਂ ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਪ੍ਰਚਾਰ ਕਰਨ ਲਈ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

ਜ਼ਿਕਰ ਪੰਜਾਬ

**ਖੰਨਾ (ਲੁਧਿਆਣਾ)/ ਮਨਜੀਤ ਸਿੰਘ ਧੀਮਾਨ**



ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਸਰਕਾਰ ਵੱਲੋਂ ਸਾਲ ਭਰ ਚਲਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੀ ਲੜੀ ਤਹਿਤ ਅੱਜ ਲੁਧਿਆਣਾ ਜ਼ਿਲ੍ਹੇ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਤਹਿਤ ਡਿਪਟੀ ਕਮਿਸ਼ਨਰ ਲੁਧਿਆਣਾ ਹਿਮਾਂਸ਼ੂ ਜੈਨ ਨੇ ਦਸਤਾਵੇਜ਼ੀ ਫਿਲਮ ਪ੍ਰਦਰਸ਼ਿਤ ਕਰਨ ਵਾਲੀ ਇੱਕ ਵੈਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਹ ਵੈਨ ਲੁਧਿਆਣਾ ਜ਼ਿਲ੍ਹੇ ਦੇ ਪਿੰਡਾਂ ਵਿੱਚ ਜਾ ਕੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ, ਸਿੱਖਿਆਵਾਂ, ਦਰਸ਼ਨ ਅਤੇ ਸਮਾਜ ਸੁਧਾਰ ਸੰਬੰਧੀ ਵਿਚਾਰਾਂ 'ਤੇ ਆਧਾਰਿਤ ਦਸਤਾਵੇਜ਼ੀ ਫਿਲਮ ਦਿਖਾਏਗੀ। ਇਸ ਮੌਕੇ ਉਨ੍ਹਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਨਰਿੰਦਰ ਸਿੰਘ ਧਾਲੀਵਾਲ ਵੀ ਹਾਜ਼ਰ ਸਨ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਜ਼ਿਲ੍ਹੇ ਲਈ ਦੋ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ ਦਸਤਾਵੇਜ਼ੀ ਵੈਨਾਂ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹਰ ਵੈਨ ਹਰ ਰੋਜ਼ ਦੋ ਪਿੰਡਾਂ ਦਾ ਦੌਰਾ ਕਰੇਗੀ ਅਤੇ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਸਮਾਨਤਾ, ਸਮਾਜਿਕ ਨਿਆਂ, ਭਾਈਚਾਰਕ ਸਾਂਝ, ਮਨੁੱਖਤਾ, ਸ਼ਰਧਾ ਅਤੇ ਸਰਬੱਤ ਦੇ ਭਲੇ ਦੇ ਸੰਦੇਸ਼ ਨਾਲ ਜੋੜੇਗੀ। ਪਹਿਲੇ ਪੜਾਅ ਵਿੱਚ ਇਹ ਵੈਨਾਂ ਸਮਰਾਲਾ ਅਤੇ ਰਾਏਕੋਟ ਸਬ-ਡਿਵੀਜ਼ਨਾਂ ਅਧੀਨ ਆਉਂਦੇ ਪਿੰਡਾਂ ਵਿੱਚ ਦਸਤਾਵੇਜ਼ੀ ਫਿਲਮ ਦਾ ਪ੍ਰਦਰਸ਼ਨ ਕਰਨਗੀਆਂ, ਜਿਸ ਤੋਂ ਬਾਅਦ ਮੁਹਿੰਮ ਨੂੰ ਜ਼ਿਲ੍ਹੇ ਦੇ ਹੋਰ ਖੇਤਰਾਂ ਤੱਕ ਵੀ ਵਿਸਥਾਰਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਤੌਰ 'ਤੇ ਤਿਆਰ ਕੀਤੀਆਂ ਗਈਆਂ ਵੈਨਾਂ ਵਿੱਚ ਆਧੁਨਿਕ ਐਲ.ਈ.ਡੀ. ਸਕਰੀਨਾਂ ਅਤੇ ਆਡੀਓ-ਵਿਜ਼ੂਅਲ ਉਪਕਰਨ ਲਗਾਏ ਗਏ ਹਨ, ਜਿਨ੍ਹਾਂ ਰਾਹੀਂ ਕਰੀਬ 30 ਮਿੰਟ ਦੀ ਦਸਤਾਵੇਜ਼ੀ ਫਿਲਮ ਦਿਖਾਈ ਜਾਵੇਗੀ। ਇਸ ਦਸਤਾਵੇਜ਼ੀ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਸੰਘਰਸ਼, ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ, ਸਮਾਜਿਕ ਬਰਾਬਰੀ, ਜਾਤ-ਪਾਤ ਦੇ ਖਾਤਮੇ, ਧਾਰਮਿਕ ਸਦਭਾਵਨਾ ਅਤੇ ਮਨੁੱਖੀ ਕਦਰਾਂ-ਕੀਮਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਹਿਮਾਂਸ਼ੂ ਜੈਨ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਇੱਕ ਅਜਿਹੇ ਸਮਾਜ ਦੀ ਕਲਪਨਾ ਕੀਤੀ ਸੀ, ਜਿੱਥੇ ਕਿਸੇ ਨਾਲ ਜਾਤ, ਧਰਮ ਜਾਂ ਵਰਗ ਦੇ ਆਧਾਰ 'ਤੇ ਭੇਦਭਾਵ ਨਾ ਹੋਵੇ ਅਤੇ ਹਰ ਮਨੁੱਖ ਨੂੰ ਬਰਾਬਰ ਦਾ ਸਨਮਾਨ ਮਿਲੇ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਅੱਜ ਵੀ ਉਤਨੀ ਹੀ ਪ੍ਰਸੰਗਿਕ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਉੱਚ ਆਦਰਸ਼ਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ। ਇਹ ਦਸਤਾਵੇਜ਼ੀ ਮੁਹਿੰਮ ਨੌਜਵਾਨਾਂ ਵਿੱਚ ਸਮਾਜਿਕ ਜਾਗਰੂਕਤਾ, ਸਦਭਾਵਨਾ ਅਤੇ ਮਨੁੱਖਤਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਾਲ ਭਰ ਵੱਖ-ਵੱਖ ਧਾਰਮਿਕ, ਸੱਭਿਆਚਾਰਕ ਅਤੇ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਤਾਂ ਜੋ ਸੰਤ ਮਹਾਂਪੁਰਖ ਦੀ ਅਮੀਰ ਆਧਿਆਤਮਿਕ ਅਤੇ ਸਮਾਜਿਕ ਵਿਰਾਸਤ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਸਕੇ। ਇਸ ਲੜੀ ਵਿੱਚ ਦਸਤਾਵੇਜ਼ੀ ਵੈਨਾਂ ਰਾਹੀਂ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਅਤੇ ਸੰਦੇਸ਼ ਨਾਲ ਜਾਣੂ ਕਰਵਾਉਣਾ ਇੱਕ ਮਹੱਤਵਪੂਰਨ ਪਹਿਲ ਹੈ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ, ਖਾਸ ਕਰਕੇ ਨੌਜਵਾਨਾਂ, ਵਿਦਿਆਰਥੀਆਂ, ਪੰਚਾਇਤਾਂ ਅਤੇ ਸਮਾਜਿਕ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਦਸਤਾਵੇਜ਼ੀ ਪ੍ਰਦਰਸ਼ਨਾਂ ਵਿੱਚ ਸ਼ਮੂਲੀਅਤ ਕਰਨ ਅਤੇ ਸ੍ਰੀ ਗੁਰੂ ਰਵਿਦਾਸ ਜੀ ਦੇ ਸਮਾਨਤਾ, ਭਾਈਚਾਰੇ, ਸੱਚਾਈ ਅਤੇ ਮਨੁੱਖਤਾ ਦੇ ਸੰਦੇਸ਼ ਨੂੰ ਆਪਣੇ ਜੀਵਨ ਵਿੱਚ ਅਪਣਾਉਣ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਇਹ ਮੁਹਿੰਮ ਆਉਣ ਵਾਲੀਆਂ ਪੀੜ੍ਹੀਆਂ ਨੂੰ ਗੁਰੂ ਜੀ ਦੇ ਉੱਚ ਆਦਰਸ਼ਾਂ ਤੋਂ ਪ੍ਰੇਰਿਤ ਕਰੇਗੀ ਅਤੇ ਸਮਾਜ ਵਿੱਚ ਆਪਸੀ ਸਦਭਾਵਨਾ, ਸਮਾਜਿਕ ਨਿਆਂ ਅਤੇ ਏਕਤਾ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾਵੇਗੀ।

# ਸਵ : ਬੂਟਾ ਸਿੰਘ ਦੇ ਪਰਿਵਾਰ ਦਾ ਚਰਨਜੀਤ ਚੰਨੀ ਦੇ ਹੱਕ ’ਚ ਖੜ੍ਹਨਾ ਪੰਜਾਬ ਦੀ ਸਿਆਸਤ ਲਈ ਨਵਾਂ ਸੰਦੇਸ਼ : ਧਮਾਲੀ

**ਖੰਨਾ/ਮਨਜੀਤ ਸਿੰਘ ਧੀਮਾਨ**

ਪੰਜਾਬ ਦੀ ਸਿਆਸਤ ਵਿੱਚ ਸਮੇਂ ਸਮੇਂ ’ਤੇ ਅਜਿਹੇ ਸੰਕੇਤ ਮਿਲਦੇ ਹਨ, ਜਿਨ੍ਹਾਂ ਨੂੰ ਸਮਝਣ ਵਿੱਚ ਕੀਤੀ ਗਈ ਗਲਤੀ ਕਿਸੇ ਵੀ ਸਿਆਸੀ ਪਾਰਟੀ ਲਈ ਮਹਿੰਗੀ ਸਾਬਤ ਹੋ ਸਕਦੀ ਹੈ। ਇਸ ਗੱਲ ਦਾ ਪ੍ਰਗਟਾਵਾ ਕਰਦਿਆਂ ਜਸਵੀਰ ਸਿੰ ਧਮਾਲੀ ,ਸਵਰਗਵਾਸੀ ਬੂਟਾ ਸਿੰਘ ਦੇ ਪਰਿਵਾਰ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਹੱਕ ਵਿੱਚ ਖੁੱਲ੍ਹ ਕੇ ਆਉਣਾ, ਮਜ਼ਹਬੀ ਸਿੱਖ ਤੇ ਰਵਿਦਾਸੀਆ ਸਮਾਜ ਦੇ ਪ੍ਰਭਾਵਸ਼ਾਲੀ ਆਗੂਆਂ ਦਾ ਇੱਕ ਮੰਚ ’ਤੇ ਇਕੱਠੇ ਹੋਣਾ ਕੇਵਲ ਇੱਕ ਰਸਮੀ ਸਮਰਥਨ ਨਹੀਂ, ਸਗੋਂ ਕਾਂਗਰਸ ਹਾਈ ਕਮਾਂਡ ਲਈ ਇੱਕ ਗੰਭੀਰ ਸਿਆਸੀ ਸੰਕੇਤ ਹੈ। ਪੰਜਾਬ ਵਿੱਚ ਅਨੁਸੂਚਿਤ ਜਾਤੀ ਵਰਗ ਦੀ ਵੱਡੀ ਆਬਾਦੀ ਹੈ ਅਤੇ ਇਹ ਵਰਗ ਚੋਣੀ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦਾ ਹੈ। ਅਜਿਹੇ ਵਿੱਚ ਜੇ ਇਸ ਵਰਗ ਦੇ ਦੋ ਪ੍ਰਭਾਵਸ਼ਾਲੀ ਭਾਈਚਾਰਿਆਂ ਦੇ ਆਗੂ ਇੱਕ ਸਾਂਝਾ ਸੰਦੇਸ਼ ਦੇ ਰਹੇ ਹਨ ਕਿ ਚੰਨੀ ਦੀ ਅਗਵਾਈ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ, ਤਾਂ ਇਸ ਨੂੰ ਸਿਰਫ਼ ਇੱਕ ਵਿਅਕਤੀ ਦੇ ਸਮਰਥਨ ਵਜੋਂ ਨਹੀਂ, ਸਗੋਂ ਇੱਕ ਵੱਡੇ ਸਮਾਜਿਕ ਅਤੇ ਰਾਜਨੀਤਿਕ ਸੁਨੇਹੇ ਵਜੋਂ ਦੇਖਣ ਦੀ ਲੋੜ ਹੈ। ਚੰਨੀ ਦੀ ਰਾਜਨੀਤੀ ਦੀ ਸਭ ਤੋਂ ਵੱਡੀ ਤਾਕਤ ਇਹ ਹੈ ਕਿ ਉਹ ਸਿਰਫ਼ ਇੱਕ ਭਾਈਚਾਰੇ ਤੱਕ ਸੀਮਤ ਨਹੀਂ ਰਹੇ। ਉਨ੍ਹਾਂ ਦੇ ਸਮਰਥਕ ਮੰਨਦੇ ਹਨ ਕਿ ਮੁੱਖ ਮੰਤਰੀ ਵਜੋਂ ਉਨ੍ਹਾਂ ਦੀ



ਸਾਦਗੀ, ਆਮ ਲੋਕਾਂ ਤੱਕ ਪਹੁੰਚ ਅਤੇ ਜ਼ਮੀਨੀ ਅੰਦਾਜ਼ ਨੇ ਉਨ੍ਹਾਂ ਨੂੰ ਪੰਜਾਬ ਦੇ ਕਈ ਵਰਗਾਂ ਵਿੱਚ ਲੋਕਪ੍ਰਿਯ ਬਣਾਇਆ। ਇਸ ਲਈ ਚੰਨੀ ਨੂੰ ਸਿਰਫ਼ ਦਲਿਤ ਚਿਹਰਾ ਮੰਨਣਾ, ਉਨ੍ਹਾਂ ਦੇ ਅਸਲ ਸਿਆਸੀ ਪ੍ਰਭਾਵ ਨੂੰ ਘੱਟ ਕਰਕੇ ਦੇਖਣ ਦੇ ਬਰਾਬਰ ਹੋ ਸਕਦਾ ਹੈ।ਇਸ ਦੇ ਨਾਲ ਹੀ, ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੂੰ ਲੈ ਕੇ ਵੀ ਸਿਆਸੀ ਚਰਚਾ ਹੈ। ਕੁਝ ਕਾਂਗਰਸੀ ਆਗੂਆਂ ਅਤੇ ਸਮਰਥਕਾਂ ਦਾ ਦਾਅਵਾ ਹੈ ਕਿ ਪੰਜਾਬ ਦੀ ਜ਼ਮੀਨੀ ਹਕੀਕਤ, ਖ਼ਾਸ ਕਰਕੇ ਅਨੁਸੂਚਿਤ ਜਾਤੀ ਵਰਗ ਦੀਆਂ ਭਾਵਨਾਵਾਂ ਅਤੇ ਚੰਨੀ ਪ੍ਰਤੀ ਸਮਰਥਨ, ਹਾਈ ਕਮਾਂਡ ਤੱਕ ਪੂਰੀ ਤਰ੍ਹਾਂ ਨਹੀਂ ਪਹੁੰਚ ਰਿਹਾ। ਜੇਕਰ ਇਹ ਧਾਰਨਾ ਸਹੀ ਸਾਬਤ ਹੁੰਦੀ ਹੈ, ਤਾਂ ਇਸ ਦਾ ਨੁਕਸਾਨ ਪਾਰਟੀ ਨੂੰ ਭਵਿੱਖ ਦੀਆਂ ਚੋਣਾਂ ਵਿੱਚ ਝੱਲਣਾ ਪੈ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਕਾਂਗਰਸ ਨੇ ਜਦੋਂ-ਜਦੋਂ ਪੰਜਾਬ ਦੀ ਜ਼ਮੀਨੀ ਆਵਾਜ਼ ਨੂੰ ਅਣਡਿੱਠਾ ਕੀਤਾ, ਪਾਰਟੀ ਨੂੰ ਸਿਆਸੀ ਨੁਕਸਾਨ ਝੱਲਣਾ ਪਿਆ। ਇਸ ਲਈ ਅੱਜ ਲੋੜ ਹੈ ਕਿ ਹਾਈ ਕਮਾਂਡ ਸਿਰਫ਼ ਸੰਗਠਨਾਤਮਕ ਰਿਪੋਰਟਾਂ ’ਤੇ ਹੀ ਨਹੀਂ, ਸਗੋਂ ਜਨਤਾ ਦੇ ਮੂਡ ਅਤੇ ਸਮਾਜਿਕ ਸੰਦੇਸ਼ਾਂ ’ਤੇ ਵੀ ਗੰਭੀਰਤਾ ਨਾਲ ਵਿਚਾਰ ਕਰੇ।

ਬੂਟਾ ਸਿੰਘ ਦੇ ਪਰਿਵਾਰ ਦਾ ਚੰਨੀ ਦੇ ਹੱਕ ਵਿੱਚ ਆਉਣਾ ਇੱਕ ਪ੍ਰਤੀਕ ਹੈ ਉਸ ਰਾਜਨੀਤਿਕ ਸੋਚ ਦਾ, ਜੋ ਦਲਿਤ ਭਾਈਚਾਰੇ ਨੂੰ ਸਿਰਫ਼ ਵੋਟ ਬੈਂਕ ਨਹੀਂ, ਸਗੋਂ ਲੀਡਰਸ਼ਿਪ ਦਾ ਹੱਕਦਾਰ ਮੰਨਦੀ ਹੈ। ਜੇ ਮਜ਼ਹਬੀ ਸਿੱਖ ਅਤੇ ਰਵਿਦਾਸੀਆ ਸਮਾਜ ਦੀ ਇਹ ਨੇੜਤਾ ਹੋਰ ਮਜ਼ਬੂਤ ਹੁੰਦੀ ਹੈ, ਤਾਂ ਇਹ ਪੰਜਾਬ ਦੀ ਰਾਜਨੀਤੀ ਦੇ ਸਮੀਕਰਨਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਹੁਣ ਫ਼ੈਸਲਾ ਕਾਂਗਰਸ ਹਾਈ ਕਮਾਂਡ ਦੇ ਹੱਥ ਵਿੱਚ ਹੈ। ਕੀ ਉਹ ਇਸ ਸੰਦੇਸ਼ ਨੂੰ ਸਮਝ ਕੇ ਪੰਜਾਬ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦੇਵੇਗੀ, ਜਾਂ ਫਿਰ ਇਸ ਨੂੰ ਵੀ ਇੱਕ ਆਮ ਸਿਆਸੀ ਘਟਨਾ ਸਮਝ ਕੇ ਅਣਡਿੱਠਾ ਕਰੇਗੀ? ਇਸ ਸਵਾਲ ਦਾ ਜਵਾਬ ਆਉਣ ਵਾਲੇ ਸਮੇਂ ਦੀ ਰਾਜਨੀਤੀ ਤੈਅ ਕਰੇਗਾ। ਪਰ ਇੱਕ ਗੱਲ ਸਪੱਸ਼ਟ ਹੈ ਪੰਜਾਬ ਦੀ ਸਿਆਸਤ ਵਿੱਚ ਚੰਨੀ ਨੂੰ ਨਜ਼ਰਅੰਦਾਜ਼ ਕਰਨ ਬਾਰੇ ਚੱਲ ਰਹੀ ਚਰਚਾ ਹੁਣ ਪਹਿਲਾਂ ਨਾਲੋਂ ਕਾਫ਼ੀ ਜ਼ਿਆਦਾ ਗੰਭੀਰ ਹੋ ਚੁੱਕੀ ਹੈ।

# ਵੈਟਨਰੀ ਯੂਨੀਵਰਸਿਟੀ ਨੇ ਉਨਤ ਹੀਮੋਡਾਇਲਸਿਸ ਅਤੇ ਗੰਭੀਰ ਸੰਭਾਲ ਪ੍ਰਕਿਰਿਆਵਾਂ ਸੰਬੰਧੀ ਕਰਵਾਈ ਕਾਰਜਸ਼ਾਲਾ

**ਲੁਧਿਆਣਾ/ਇੰਦਰਜੀਤ**

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਸਾਥੀ ਜਾਨਵਰਾਂ ਦੀ ਸੰਭਾਲ ਸੰਬੰਧੀ ਉਨੱਤ ਹੀਮੋਡਾਇਲਸਿਸ ਅਤੇ ਗੰਭੀਰ ਸੰਭਾਲ ਪ੍ਰਕਿਰਿਆਵਾਂ ਲਈ ਤਿੰਨ ਦਿਨਾ ਕਾਰਜਸ਼ਾਲਾ ਅਤੇ ਸਿਖਲਾਈ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ 10



ਪ੍ਰਤੀਭਾਗੀਆਂ ਨੇ ਹਿੱਸਾ ਲਿਆ ਜਿੰਨ੍ਹਾਂ ਵਿੱਚ 5 ਵੈਟਨਰੀ ਯੂਨੀਵਰਸਿਟੀ, ਹਿਸਾਰ ਤੋਂ ਅਤੇ 5 ਪਸ਼ੂ ਪਾਲਣ ਵਿਭਾਗ ਦੇ ਵੈਟਨਰੀ ਡਾਕਟਰ ਸਨ। ਪ੍ਰਤੀਭਾਗੀਆਂ ਨੂੰ ਹੀਮੋਡਾਇਲਸਿਸ ਦੇ ਵਿਭਿੰਨ ਪਹਿਲੂਆਂ, ਸੰਭਾਲ ਅਤੇ ਗੰਭੀਰ ਸਮੱਸਿਆਵਾਂ ਦੀ ਨਿਗਰਾਨੀ ਸੰਬੰਧੀ ਸਿੱਖਿਅਤ ਕੀਤਾ ਗਿਆ। ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹੇ ਸਿਖਲਾਈ ਪ੍ਰੋਗਰਾਮਾਂ ਨਾਲ ਪਸ਼ੂਆਂ ਦੇ ਡਾਕਟਰਾਂ ਦੀ ਪੇਸ਼ੇਵਰ ਯੋਗਤਾ ਨੂੰ ਵਧਾਉਣ ਅਤੇ ਪਸ਼ੂ ਸਿਹਤ ਸੰਭਾਲ ਦੇ ਮਿਆਰਾਂ ਨੂੰ ਉਨਤ ਕਰਨ ਵਿੱਚ ਯੋਗਦਾਨ ਮਿਲਦਾ ਹੈ। ਡਾ. ਸੰਜੀਵ ਕੁਮਾਰ ਉੱਪਲ, ਡੀਨ, ਪੋਸਟ ਗ੍ਰੈਜੂਏਟ ਸਟੱਡੀਜ਼ ਨੇ ਦੱਸਿਆ ਕਿ ਇਹ ਸਿਖਲਾਈ ਭਾਰਤੀ ਖੇਤੀ ਖੋਜ ਪਰਿਸ਼ਦ ਦੇ ਪ੍ਰਾਜੈਕਟ ਦੇ ਅਧੀਨ ਕਰਵਾਈ ਗਈ। ਉਨ੍ਹਾਂ ਨੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕਰਦਿਆਂ ਪ੍ਰਤੀਭਾਗੀਆਂ ਵੱਲੋਂ ਵਿਖਾਈ ਰੁਚੀ ਦੀ ਸ਼ਲਾਘਾ ਕੀਤੀ। ਡਾ. ਸਵਰਨ ਸਿੰਘ ਰੰਧਾਵਾ, ਡੀਨ, ਕਾਲਜ ਆਫ ਵੈਟਨਰੀ ਸਾਇੰਸ ਨੇ ਕਿਹਾ ਕਿ ਆਧੁਨਿਕ ਇਲਾਜ ਸਹੂਲਤਾਂ ਦੀ ਵਰਤੋਂ ਨਾਲ ਪਸ਼ੂਆਂ ਦੀ ਸਿਹਤ ਨੂੰ ਛੇਤੀ ਦਰੁਸਤ ਕਰਨ ਲਈ ਬਹੁਤ ਮਦਦ ਮਿਲਦੀ ਹੈ। ਇਸ ਕਾਰਜਸ਼ਾਲਾ ਲਈ ਡਾ. ਜਤਿੰਦਰ ਮਹਿੰਦਰੂ, ਡਾ. ਰਾਜ ਸੁਖਬੀਰ ਸਿੰਘ, ਡਾ. ਰਣਧੀਰ ਸਿੰਘ, ਡਾ. ਗੁਰਪ੍ਰੀਤ ਸਿੰਘ ਅਤੇ ਡਾ. ਜਸਨੀਤ ਸਿੰਘ ਨੇ ਮਾਹਿਰ ਲੈਕਚਰ ਦਿੱਤੇ ਅਤੇ ਵਿਹਾਰਕ ਯੋਗਦਾਨ ਪਾਇਆ। ਕਾਰਜਸ਼ਾਲਾ ਨੂੰ ਸਿੰਡਰ ਕੇ ਪ੍ਰਾ. ਲਿਮ. ਨੇ ਮਹੱਤਵਪੂਰਨ ਸਮਰਥਨ ਦਿੱਤਾ। ਉਨ੍ਹਾਂ ਨੇ ਲੋੜਵੰਦ ਮਰੀਜ਼ਾਂ ਲਈ ਪਸ਼ੂ ਹਸਪਤਾਲ ਨੂੰ ਦਵਾਈਆਂ ਵੀ ਦਾਨ ਕੀਤੀਆਂ ਜਿਸ ਨਾਲ ਕਿ ਜਾਨਵਰਾਂ ਦੀ ਭਲਾਈ ਸੰਬੰਧੀ ਇਕ ਸੁਚੱਜਾ ਉਪਰਾਲਾ ਕੀਤਾ ਗਿਆ ਹੈ।

# ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਵੱਲੋਂ ਜ਼ਿਲ੍ਹਾ ਖੰਨਾ ਦੇ ਵੱਖ-ਵੱਖ ਪੁਲਿਸ ਥਾਣਿਆਂ ਦਾ ਅਚਾਨਕ ਨਿਰੀਖਣ

**ਖੰਨਾ/ਮਨਜੀਤ ਸਿੰਘ ਧੀਮਾਨ**



ਜ਼ਿਲ੍ਹਾ ਖੰਨਾ ਵਿੱਚ ਪੁਲਿਸ ਪ੍ਰਸ਼ਾਸਨ ਨੂੰ ਹੋਰ ਪ੍ਰਭਾਵਸ਼ਾਲੀ, ਜਵਾਬਦੇਹ ਅਤੇ ਲੋਕ-ਕੇਂਦ੍ਰਿਤ ਬਣਾਉਣ ਦੇ ਉਦੇਸ਼ ਨਾਲ ਐਸ.ਐਸ.ਪੀ. ਖੰਨਾ ਡਾ. ਦਰਪਣ ਆਹਲੂਵਾਲੀਆ ਵੱਲੋਂ ਐਤਵਾਰ ਸਵੇਰੇ ਜ਼ਿਲ੍ਹੇ ਦੇ ਵੱਖ-ਵੱਖ ਪੁਲਿਸ ਥਾਣਿਆਂ ਦਾ ਅਚਾਨਕ ਨਿਰੀਖਣ ਕੀਤਾ ਗਿਆ। ਇਸ ਦੌਰੇ ਦਾ ਮੁੱਖ ਉਦੇਸ਼ ਪੁਲਿਸ ਕਰਮਚਾਰੀਆਂ ਵਿੱਚ ਅਨੁਸ਼ਾਸਨ, ਸਮੇਂ ਦੀ ਪਾਬੰਦਤਾ, ਕਾਰਜਸ਼ੀਲ ਤਿਆਰੀ ਅਤੇ ਪੁਲਿਸਿੰਗ ਦੇ ਸਮੁੱਚੇ ਮਿਆਰਾਂ ਦਾ ਜਾਇਜ਼ਾ ਲੈਣਾ ਸੀ। ਨਿਰੀਖਣ ਦੌਰਾਨ ਐਸ.ਐਸ.ਪੀ. ਡਾ. ਦਰਪਣ ਆਹਲੂਵਾਲੀਆ ਨੇ ਪੁਲਿਸ ਥਾਣਿਆਂ ਦੇ ਰੋਜ਼ਾਨਾ ਕੰਮਕਾਜ, ਰਿਕਾਰਡਾਂ ਦੀ ਸੰਭਾਲ, ਸੁਰੱਖਿਆ ਪ੍ਰਬੰਧਾਂ ਅਤੇ ਡਿਊਟੀ ’ਤੇ ਤਾਇਨਾਤ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕਾਰਗੁਜ਼ਾਰੀ ਦੀ ਬਾਰੀਕੀ ਨਾਲ ਸਮੀਖਿਆ ਕੀਤੀ। ਉਨ੍ਹਾਂ ਨੇ ਇਹ ਵੀ ਯਕੀਨੀ ਬਣਾਇਆ ਕਿ ਥਾਣਿਆਂ ਵਿੱਚ ਆਉਣ ਵਾਲੇ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਤਰਜੀਹ ਦੇ ਆਧਾਰ ’ਤੇ ਸੁਣਿਆ ਅਤੇ ਨਿਰਧਾਰਿਤ ਸਮੇਂ ਅੰਦਰ ਨਿਪਟਾਇਆ ਜਾਵੇ। ਐਸ.ਐਸ.ਪੀ. ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹਰ ਸ਼ਿਕਾਇਤਕਰਤਾ ਨਾਲ ਨਿਮਰਤਾ ਅਤੇ ਸਨਮਾਨ ਨਾਲ ਪੇਸ਼ ਆਇਆ ਜਾਵੇ, ਲੋਕਾਂ ਨੂੰ ਬਿਨਾਂ ਕਿਸੇ ਦੇਰੀ ਦੇ ਇਨਸਾਫ਼ ਮਿਲੇ ਅਤੇ ਪੁਲਿਸ ਦੀ ਕਾਰਵਾਈ ਪੂਰੀ ਤਰ੍ਹਾਂ ਪਾਰਦਰਸ਼ੀ ਹੋਵੇ। ਉਨ੍ਹਾਂ ਨੇ ਪੁਲਿਸ

**ਅਨੁਸ਼ਾਸਨ ਅਤੇ ਜਨਤਕ ਸੇਵਾ ਨੂੰ ਹੋਰ ਮਜ਼ਬੂਤ ਕਰਨ ਦੇ ਦਿੱਤੇ ਨਿਰਦੇਸ਼**

ਮੁਲਾਜ਼ਮਾਂ ਨੂੰ ਹਰ ਸਮੇਂ ਚੌਕਸ ਰਹਿਣ, ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਜਵਾਬ ਦੇਣ ਅਤੇ ਕਾਨੂੰਨ-ਵਿਵਸਥਾ ਨੂੰ ਕਾਇਮ ਰੱਖਣ ਲਈ ਪੂਰੀ ਤਿਆਰੀ ਵਿੱਚ ਰਹਿਣ ਦੇ ਨਿਰਦੇਸ਼ ਵੀ ਦਿੱਤੇ। ਡਾ. ਦਰਪਣ ਆਹਲੂਵਾਲੀਆ ਨੇ ਕਿਹਾ ਕਿ ਪੰਜਾਬ ਪੁਲਿਸ ਦਾ ਮੁੱਖ ਮਕਸਦ ਲੋਕਾਂ ਦਾ ਭਰੋਸਾ ਜਿੱਤਣਾ ਅਤੇ ਉਨ੍ਹਾਂ ਨੂੰ ਸੁਰੱਖਿਅਤ ਮਾਹੌਲ ਪ੍ਰਦਾਨ ਕਰਨਾ ਹੈ। ਇਸ ਲਈ ਹਰ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਨੂੰ ਪੇਸ਼ੇਵਰਤਾ, ਇਮਾਨਦਾਰੀ ਅਤੇ ਜਵਾਬਦੇਹੀ ਨਾਲ ਆਪਣੀ ਡਿਊਟੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਅਚਾਨਕ ਨਿਰੀਖਣ ਭਵਿੱਖ ਵਿੱਚ ਵੀ ਜਾਰੀ ਰਹਿਣਗੇ ਤਾਂ ਜੋ ਪੁਲਿਸ ਪ੍ਰਣਾਲੀ ਵਿੱਚ ਹੋਰ ਸੁਧਾਰ ਲਿਆਇਆ ਜਾ ਸਕੇ ਅਤੇ ਲੋਕਾਂ ਨੂੰ ਬਿਹਤਰ ਪੁਲਿਸ ਸੇਵਾਵਾਂ ਮਿਲ ਸਕਣ। ਖੰਨਾ ਪੁਲਿਸ ਨੇ ਦੁਹਰਾਇਆ ਕਿ ਉਹ ਜਵਾਬਦੇਹ, ਪਾਰਦਰਸ਼ੀ ਅਤੇ ਨਾਗਰਿਕ-ਕੇਂਦ੍ਰਿਤ ਪੁਲਿਸਿੰਗ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਮ ਲੋਕਾਂ ਦੀ ਸੁਰੱਖਿਆ, ਭਰੋਸੇ ਅਤੇ ਕਾਨੂੰਨ ਦੇ ਰਾਜ ਨੂੰ ਹਰ ਹਾਲਤ ਵਿੱਚ ਯਕੀਨੀ ਬਣਾਉਣਾ ਉਸਦੀ ਪਹਿਲੀ ਤਰਜੀਹ ਹੈ।

# ਪੰਜਾਬ ਪੁਲਿਸ ਵੱਲੋਂ 1074 ਥਾਈਂ ਛਾਪੇਮਾਰੀ, 911 ਕਾਬੂ

**ਚੰਡੀਗੜ੍ਹ** : ਸੂਬੇ ਵਿੱਚ ਚੱਲ ਰਹੀ ਮੁਹਿੰਮ ‘ਗੈਂਗਸਟਰਾਂ ’ਤੇ ਵਾਰ’ ਦੇ 173ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਰਾਜ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 1074 ਟਿਕਾਣਿਆਂ ’ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ‘ਗੈਂਗਸਟਰਾਂ ‘ਤੇ ਵਾਰ’- ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 173ਵੇਂ ਦਿਨ ਪੁਲਿਸ ਟੀਮਾਂ ਨੇ 6 ਹਥਿਆਰਾਂ ਸਮੇਤ 911 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 47,685 ਹੋ ਗਈਆਂ। ਇਸ ਤੋਂ ਇਲਾਵਾ 510 ਵਿਅਕਤੀਆਂ



ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 19 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ, ਐਂਟੀ ਗੈਂਗਸਟਰ

**ਯੁੱਧ ਨਸ਼ਿਆਂ ਵਿਰੁੱਧ ਦੇ 498ਵੇਂ ਦਿਨ 69 ਨਸ਼ਾ ਤਸਕਰ ਗ੍ਰਿਫ਼ਤਾਰ**

ਹੈਲਪਲਾਈਨ ਨੰਬਰ 93946-93946 ਰਾਹੀਂ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਗੁਪਤ ਰੂਪ ਵਿੱਚ ਰਿਪੋਰਟ ਕਰ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦੇ ਸਕਦੇ ਹਨ। ਇਸ ਦੌਰਾਨ, ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਨੂੰ 498ਵੇਂ ਦਿਨ ਵੀ ਜਾਰੀ ਰੱਖਦਿਆਂ, ਅੱਜ 69 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 829 ਗ੍ਰਾਮ ਹੈਰੋਇਨ, 565 ਨਸ਼ੀਲੀਆਂ ਗੋਲੀਆਂ ਅਤੇ 5250 ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 498 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 73, 505 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 13 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਐਲਆਈਸੀ ਕਰਮਚਾਰੀਆਂ ਨੇ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੀ ਪਲੈਟੀਨਮ ਜੁਬਲੀ ਮਨਾਉਣ ਲਈ ਲਾਇਆ ਖ਼ੂਨਦਾਨ ਕੈਂਪ

**ਲੁਧਿਆਣਾ/ਇੰਦਰਜੀਤ**

ਐਲਆਈਸੀ ਕਰਮਚਾਰੀਆਂ ਦੀ ਮੁੱਖ ਜੱਥੇਬੰਦੀ, ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ, ਦੀ ਪਲੈਟੀਨਮ ਜੁਬਲੀ ਮਨਾਉਣ ਲਈ ਦੁੱਗਰੀ ਸਥਿਤ ਐਲਆਈਸੀ ਡਿਵੀਜ਼ਨਲ ਦਫ਼ਤਰ ਵਿਖੇ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ। ਲੁਧਿਆਣਾ ਡਿਵੀਜ਼ਨਲ ਕਮੇਟੀ ਦੇ ਡਿਵੀਜ਼ਨਲ ਸਕੱਤਰ ਮਾਨ ਸਿੰਘ ਨੇ ਦੱਸਿਆ ਕਿ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੀ ਸਥਾਪਨਾ ਆਜ਼ਾਦੀ ਤੋਂ ਚਾਰ ਸਾਲ ਬਾਅਦ ਪਹਿਲੀ ਜੁਲਾਈ 1951 ਨੂੰ ਹੋਈ ਸੀ। ਉਸ ਸਮੇਂ, ਭਾਰਤ ਵਿੱਚ 245 ਨਿੱਜੀ ਬੀਮਾ ਕੰਪਨੀਆਂ ਕੰਮ ਕਰ ਰਹੀਆਂ ਸਨ। ਇਹ ਨਿੱਜੀ ਬੀਮਾ ਕੰਪਨੀਆਂ ਪਾਲਿਸੀਧਾਰਕਾਂ ਦੀ ਮਿਹਨਤ ਦੀ ਕਮਾਈ ਲੁੱਟ ਰਹੀਆਂ ਸਨ। ਪਰਿਪੱਕਤਾ ਅਤੇ ਦਾਅਵੇ ਦੀਆਂ ਅਦਾਇਗੀਆਂ ਨੂੰ ਰੱਦ ਕਰਨਾ ਆਮ ਗੱਲ ਸੀ। ਨਿੱਜੀ ਬੀਮਾ ਕੰਪਨੀਆਂ ਦੇ ਇਸ ਵਿਵਹਾਰ ਦੇ ਮੱਦੇਨਜ਼ਰ, ਬੀਮਾ ਕਰਮਚਾਰੀ ਇੱਕ ਪਲੇਟਫਾਰਮ ’ਤੇ ਇਕੱਠੇ ਹੋਏ। ਇਸ ਮੰਚ ਨੂੰ ਸਰਬਸੰਮਤੀ ਨਾਲ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦਾ ਨਾਮ ਦਿੱਤਾ ਗਿਆ, ਅਤੇ ਇਹ ਫੈਸਲਾ ਕੀਤਾ ਗਿਆ ਕਿ ਬੀਮਾ ਕਰਮਚਾਰੀ ਦੇਸ਼ ਭਰ ਵਿੱਚ ਇੱਕਜੁੱਟ ਹੋ ਕੇ ਇਨ੍ਹਾਂ ਨਿੱਜੀ ਬੀਮਾ ਕੰਪਨੀਆਂ ਦੀ ਲੁੱਟ-ਖਸੁੱਟ ਖਿਲਾਫ ਅਤੇ ਰਾਸ਼ਟਰ ਨਿਰਮਾਣ ਲਈ ਭਾਰਤੀ ਜੀਵਨ ਬੀਮਾ ਨਿਗਮ ਦੀ ਸਥਾਪਨਾ ਲਈ ਅੰਦੋਲਨ ਕਰਨਗੇ। ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਨੇ ਆਪਣੀ ਜਾਇਜ਼ ਮੰਗ ਨੂੰ ਪੂਰਾ ਕਰਨ ਲਈ ਦੇਸ਼ ਭਰ ਵਿੱਚ ਅੰਦੋਲਨ ਤੇਜ਼ ਕਰ ਦਿੱਤਾ, ਅਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ, ਸ਼੍ਰੀ ਜਵਾਹਰ ਲਾਲ ਨਹਿਰੂ, ਅਤੇ ਉਸ ਸਮੇਂ ਦੇ ਵਿੱਤ ਮੰਤਰੀ, ਸ਼੍ਰੀ ਸੀ.ਡੀ. ਦੇਸ਼ਮੁਖ ਨੇ ਰਾਤੋ-ਰਾਤ ਇੱਕ ਆਰਡੀਨੈਂਸ ਪਾਸ ਕਰਕੇ ਪਹਿਲੀ ਸਤੰਬਰ 1956 ਨੂੰ ਭਾਰਤੀ ਜੀਵਨ ਬੀਮਾ ਨਿਗਮ ਦੀ ਸਥਾਪਨਾ ਕੀਤੀ। ਇਹ ਦੇਸ਼ ਵਿੱਚ ਪਹਿਲੀ ਵਾਰ ਹੈ ਜਿੱਥੇ ਕਿਸੇ ਸੰਸਥਾ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਜੱਥੇਬੰਦੀ ਦੀ ਸਥਾਪਨਾ, ਉਸ ਸੰਸਥਾ ਦੀ ਸਥਾਪਨਾ ਤੋ ਪਹਿਲਾਂ ਹੋਈ ਹੋਵੇ। ਇਸਦਾ ਸਿਹਰਾ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਨੂੰ ਜਾਂਦਾ ਹੈ, ਜਿਸਨੇ ਨਾ ਸਿਰਫ਼ ਪਾਲਿਸੀਧਾਰਕਾਂ ਦੇ ਹਿੱਤਾਂ ਲਈ ਮੁਹਿੰਮ ਚਲਾਈ, ਸਗੋਂ ਭਾਰਤੀ ਜੀਵਨ ਬੀਮਾ ਨਿਗਮ ਜੋ ਰਾਸ਼ਟਰ ਨਿਰਮਾਣ



ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਲਈ ਵੀ ਭੂਮਿਕਾ ਨਿਭਾਈ ਹੈ। ਆਪਣੇ ਪਲੈਟੀਨਮ ਜੁਬਲੀ ਸਾਲ ਵਿੱਚ, ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਆਪਣੇ ਸੰਘਰਸ਼ ਅਤੇ ਪ੍ਰਾਪਤੀ ਦੇ ਸ਼ਾਨਦਾਰ ਇਤਿਹਾਸ ਨੂੰ ਯਾਦ ਵਿੱਚ ਇਹ ਕੈਂਪ ਲਾਇਆ ਹੈ। ਇਸ ਮੌਕੇ, ਲੁਧਿਆਣਾ ਵੂਮੈਨ ਸਬ-ਕਮੇਟੀ ਦੀ ਕਨਵੀਨਰ, ਰਿਤੂ ਅਬਾਨ, ਨੇ ਦੱਸਿਆ ਕਿ ਭਾਰਤੀ ਜੀਵਨ ਬੀਮਾ ਨਿਗਮ ਦੀ ਸਥਾਪਨਾ ਤੋਂ ਬਾਅਦ, ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਵਿਤਕਰਾ ਹੁੰਦਾ ਸੀ। ਸ਼ਾਖਾ ਦਫ਼ਤਰਾਂ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਘੱਟ ਤਨਖਾਹਾਂ ਮਿਲਦੀਆਂ ਸਨ, ਡਿਵੀਜ਼ਨਲ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੱਧ ਤਨਖਾਹਾਂ ਮਿਲਦੀਆਂ ਸਨ, ਅਤੇ ਖੇਤਰੀ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਹੋਰ ਵੀ ਵੱਧ ਤਨਖਾਹਾਂ ਮਿਲਦੀਆਂ ਸਨ। ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਨੇ ਇਸ ਵਿਤਕਰੇ ਨੂੰ ਖਤਮ ਕਰਨ ਲਈ ਇੱਕ ਨਵਾਂ ਅੰਦੋਲਨ ਸ਼ੁਰੂ ਕੀਤਾ ਅਤੇ ਸਰਕਾਰ ਤੋਂ ਇੱਕਸਾਰ ਤਨਖਾਹ ਦੀ ਮੰਗ ਕੀਤੀ। ਸਰਕਾਰ ਨੇ ਇਸ ਮਹੱਤਵਪੂਰਨ ਮੰਗ ਨੂੰ ਸਵੀਕਾਰ ਕੀਤਾ, ਅਤੇ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦਾ ਇਹ ਵੀ ਅੰਦੋਲਨ ਸਫਲ ਰਿਹਾ। ਪਿਛਲੇ 69 ਸਾਲਾਂ ਤੋਂ, ਐਲਆਈਸੀ ਕਰਮਚਾਰੀ ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੇ ਬੈਨਰ ਹੇਠ ਮਿਹਨਤ ਨਾਲ ਕੰਮ ਕਰ ਰਹੇ ਹਨ, ਪਾਲਿਸੀਧਾਰਕਾਂ ਨੂੰ ਬੇਹਤਰ ਤੋ ਬੇਹਤਰ ਸੇਵਾ ਪ੍ਰਦਾਨ ਕਰ ਰਹੇ ਹਨ। ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਦੇ ਪਲੈਟੀਨਮ ਜੁਬਲੀ ਸਾਲ ਨੂੰ ਸਮਾਜਿਕ ਕੰਮਾਂ ਨਾਲ ਜੋੜਦੇ ਹੋਏ, ਅੱਜ ਸਿਵਲ ਹਸਪਤਾਲ, ਲੁਧਿਆਣਾ ਦੀ ਟੀਮ ਡਾ. ਅਮਨਪ੍ਰੀਤ ਕੌਰ ਦੀ ਨਿਗਰਾਨੀ ਹੇਠ ਖ਼ੂਨਦਾਨ ਕੈਂਪ ਲਾਇਆ ਜਿਸ ਵਿੱਚ ਕੁੱਲ 64 ਯੂਨਿਟ ਦਾਨ ਕੀਤੇ ਗਏ। ਡਿਵੀਜ਼ਨਲ ਪ੍ਰਧਾਨ ਰਾਜ ਕਿਸ਼ੋਰ ਨੇ ਦੱਸਿਆ ਕਿ ਖ਼ੂਨਦਾਨ ਕੈਂਪ ਦਾ ਉਦਘਾਟਨ ਲੁਧਿਆਣਾ ਡਿਵੀਜ਼ਨ ਦੇ ਸੀਨੀਅਰ ਡਿਵੀਜ਼ਨਲ ਮੈਨੇਜਰ ਸ਼੍ਰੀ ਭੰਵਰ ਲਾਲ ਸੁਥਾਰ ਨੇ ਕੀਤਾ। ਡਿਵੀਜ਼ਨਲ ਸਕੱਤਰ ਮਾਨ ਸਿੰਘ ਨੇ ਕਿਹਾ ਕਿ ਭਾਰਤੀ ਜੀਵਨ ਬੀਮਾ ਨਿਗਮ ਵਿਚ ਲਗਾਤਾਰ ਹੋ ਰਹੀ ਰਿਟਾਇਰਮੈਂਟ ਕਾਰਨ ਕਰਮਚਾਰੀਆਂ ਦੀ ਗਿਣਤੀ ਵਿੱਚ ਗਿਰਾਵਟ ਆ ਰਹੀ ਹੈ। ਇਸਦੇ ਮੱਦੇਨਜ਼ਰ, ਆਲ ਇੰਡੀਆ ਇੰਸ਼ੋਰੈਂਸ ਇੰਪਲਾਈਜ਼ ਐਸੋਸੀਏਸ਼ਨ ਸਰਕਾਰ ਨੂੰ ਐਲਆਈਸੀ ਦੇ ਅੰਦਰ ਨਵੀਂ ਭਰਤੀ ਸ਼ੁਰੂ ਕਰਨ ਦੀ ਅਪੀਲ ਵੀ ਕਰ ਰਹੀ ਹੈ।

# ਪੰਜਾਬ ਦੇ ਰਾਜਪਾਲ ਵੱਲੋਂ ਨੈਸ਼ਨਲ ਅਵਾਰਡੀ ਮਾਸਟਰ ਕਰਮਜੀਤ ਸਿੰਘ ਗਰੇਵਾਲ ਦਾ ਵਿਸ਼ੇਸ਼ ਸਨਮਾਨ

## ਰਾਜਪਾਲ ਦੀ ਹਾਜ਼ਰੀ ’ਚ ਗਰੇਵਾਲ ਨੇ ‘ੳ-ਅ’ ਗੀਤ ਨਾਲ ਕੀਲੇ ਦਰਸ਼ਕ

**ਲੁਧਿਆਣਾ/ਇੰਦਰਜੀਤ**

ਸਿੱਖਿਆ, ਸਾਹਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਸਮਰਪਿਤ ਨੈਸ਼ਨਲ ਅਵਾਰਡੀ ਮਾਸਟਰ ਕਰਮਜੀਤ ਸਿੰਘ ਗਰੇਵਾਲ ਦੀਆਂ ਪ੍ਰਾਪਤੀਆਂ ਵਿੱਚ ਹੋਰ ਵਾਧਾ ਕਰਦਿਆਂ, ਪੰਜਾਬ ਦੇ ਰਾਜਪਾਲ ਸ਼?ਰੀ ਗੁਲਾਬ ਚੰਦ ਕਟਾਰੀਆ ਵੱਲੋਂ ਵੀ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਬੀਤੇ ਦਿਨੀ ਮੋਹਾਲੀ ਵਿਖੇ ਆਯੋਜਿਤ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਸਨਮਾਨ ਮੌਕੇ ਗਰੇਵਾਲ ਵੱਲੋਂ ਸਿੱਖਿਆ, ਸਾਹਿਤ ਅਤੇ ਸੱਭਿਆਚਾਰਕ ਗਤੀਵਿਧੀਆਂ ਨਾਲ਼ ਲਬਰੇਜ ਵੀਡੀਓ ਵੀ ਦਿਖਾਈ ਗਈ। ਰਾਜਪਾਲ ਦੀ ਹਾਜ਼ਰੀ ਵਿੱਚ ਜਦੋਂ ਮਾਸਟਰ ਕਰਮਜੀਤ ਸਿੰਘ ਗਰੇਵਾਲ ਨੇ ਪੰਜਾਬੀ ਵਰਨਮਾਲ਼ਾ ਦਾ ‘ੳ-ਅ’ ਗੀਤ ਗਾ ਕੇ ਸੁਣਾਇਆ ਤਾਂ ਹਾਜ਼ਰ ਪੰਡਾਲ



ਨੇ ਤਾੜੀਆਂ ਦੀ ਗੂੰਜ ਵਿੱਚ ਭਰਵਾਂ ਹੁੰਗਾਰਾ ਦਿੱਤਾ। ਰਾਜਪਾਲ ਸ੍ਰੀ ਕਟਾਰੀਆ ਵੀ ਗਰੇਵਾਲ ਦੀ ਵੀਡੀਓ ਦੇਖ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਜਿਹੇ ਅਧਿਆਪਕ ਸਾਡੇ ਰਾਸ਼ਟਰ ਦਾ ਮਾਣ ਹਨ। ਵਰਨਣਯੋਗ ਹੈ ਕਿ ਮਾਸਟਰ ਕਰਮਜੀਤ ਸਿੰਘ ਗਰੇਵਾਲ ਨੂੰ ਅਧਿਆਪਕ ਰਾਸ਼ਟਰੀ ਪੁਰਸਕਾਰ, ਰਾਜ ਪੁਰਸਕਾਰ, ਭਾਸ਼ਾ ਰਤਨ ਅਵਾਰਡ, ਲੋਰੀ ਲਿਖਣ ਲਈ ਭਾਰਤ ਸਰਕਾਰ ਵੱਲੋਂ ਲੱਖ ਰੁਪਏ ਦਾ ਅਵਾਰਡ, ਪਹਿਲੀ ਬਾਲ ਗੀਤ ਪੁਸਤਕ ਨੂੰ ਸਰਵੋਤਮ ਬਾਲ ਪੁਸਤਕ ਅਵਾਰਡ ਵੀ ਮਿਲ਼ ਚੁੱਕੇ ਹਨ। ਗਰੇਵਾਲ ਨੇ ਭਾਰਤ ਦੀਆਂ 10 ਭਾਸ਼ਾਵਾਂ ਵਿੱਚ ਬੱਚਿਆਂ ਨਾਲ਼ ਮਿਲ਼ ਕੇ ਬਾਲ ਗੀਤ ਗਾਏ ਹਨ। ਇਨ੍ਹਾਂ ਦੀ ਬਣਾਈ ਬਾਲ ਫਿਲਮ ‘ਸਕਰੀਨ ਬੁਖਾਰ’ਨੂੰ ਕੈਨੇਡਾ ਵਿੱਚ ਹੋਏ ਅੰਤਰਰਾਸ਼ਟਰੀ ਮਾਂ ਬੋਲੀ ਫਿਲਮ ਮੇਲੇ ਦੌਰਾਨ “ਵਧੀਆ ਸਮਾਜਿਕ ਫਿਲਮ ਦਾ ਅਵਾਰਡ ਵੀ ਮਿਲ਼ਆ ਹੈ। ਇਨ੍ਹਾਂ ਦੀਆਂ 13 ਪੁਸਤਕਾਂ ਸਕੂਲ ਸਿੱਖਿਆ ਵਿਭਾਗ ਵੱਲੋਂ ਲਾਇਬ੍ਰੇਰੀਆਂ ਲਈ ਪ੍ਰਵਾਨ ਹਨ। ਇਨ੍ਹਾਂ ਨੇ ਬੱਚਿਆਂ ਤੇ ਨੌਜਵਾਨਾਂ ਲਈ 800 ਦੇ ਕਰੀਬ ਵੀਡੀਓ ਵੀ ਬਣਾਏ ਹਨ।

# ਜਨਤਾ ਦਲ (ਯੂਨਾਈਟਿਡ) ਨੇ ਲੁਧਿਆਣਾ ਜ਼ਿਲ੍ਹਾ ਕਾਰਜਕਾਰਨੀ ਦਾ ਗਠਨ ਕੀਤਾ, ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ

## ਪਾਰਟੀ ਦੇ ਕੌਮੀ ਪ੍ਰਧਾਨ ਨਿਤੀਸ਼ ਕੁਮਾਰ ਜਲਦੀ ਹੀ ਵਰਕਰਾਂ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦਾ ਦੌਰਾ ਕਰਨਗੇ

**ਲੁਧਿਆਣਾ/ਇੰਦਰਜੀਤ**

ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜ਼ਮੀਨੀ ਪੱਧਰ ’ਤੇ ਸੰਗਠਨ ਨੂੰ ਮਜ਼ਬੂਤ ਕਰਨ ਵੱਲ ਕਦਮ ਚੁੱਕਦੇ ਹੋਏ, ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਜਨਤਾ ਦਲ (ਯੂਨਾਈਟਿਡ) ਨੇ ਐਤਵਾਰ ਨੂੰ ਲੁਧਿਆਣਾ ਵਿੱਚ ਇੱਕ ਜ਼ਿਲ੍ਹਾ ਪੱਧਰੀ ਸੰਗਠਨਾਤਮਕ ਮੀਟਿੰਗ ਕੀਤੀ, ਜਿਸ ਵਿੱਚ ਲੁਧਿਆਣਾ ਜ਼ਿਲ੍ਹਾ ਕਾਰਜਕਾਰਨੀ ਦਾ ਗਠਨ ਕੀਤਾ ਗਿਆ ਅਤੇ ਮੈਂਬਰਸ਼ਿਪ ਮੁਹਿੰਮ ਦੀ ਰਸਮੀ ਸ਼ੁਰੂਆਤ ਕੀਤੀ ਗਈ। ਕੈਲਾਸ਼ ਨਗਰ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰ, ਅਹੁਦੇਦਾਰ, ਯੁਵਾ ਪ੍ਰਤੀਨਿਧੀ, ਮਹਿਲਾ ਵਰਕਰ ਅਤੇ ਸਮਰਥਕ ਸ਼ਾਮਲ ਹੋਏ ਅਤੇ ਸੰਗਠਨ ਨੂੰ ਬੂਥ ਪੱਧਰ ਤੱਕ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਮੀਟਿੰਗ ਦੌਰਾਨ ਲੁਧਿਆਣਾ ਜ਼ਿਲ੍ਹਾ ਕਾਰਜਕਾਰਨੀ ਦਾ ਵੀ ਐਲਾਨ ਕੀਤਾ ਗਿਆ। ਅਭਿਦੇਸ਼ ਜੈਸਵਾਲ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ, ਜਦੋਂ ਕਿ ਰਾਹੁਲ ਘਈ ਨੂੰ ਸੀਨੀਅਰ ਉਪ ਪ੍ਰਧਾਨ (ਯੂਥ) ਦੀ ਜ਼ਿੰਮੇਵਾਰੀ ਸੌਂਪੀ ਗਈ। ਸੰਦੀਪ ਚੋਪੜਾ ਨੂੰ ਮਾਲਵਾ ਜ਼ੋਨ ਇੰਚਾਰਜ ਨਿਯੁਕਤ ਕੀਤਾ ਗਿਆ, ਅਤੇ ਰਾਮ ਪ੍ਰਸਾਦ ਜੈਸਵਾਲ ਨੂੰ ਵਿਜੇਪੁਰ ਮੰਡਲ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਅਲੋਕ ਪਟੇਲ ਨੂੰ ਜ਼ਿਲ੍ਹਾ ਸਕੱਤਰ, ਸ਼ਿਆਮ ਚੋਪੜਾ ਨੂੰ ਪ੍ਰਧਾਨ (ਡਿਜੀਟਲ ਮੀਡੀਆ) ਅਤੇ ਜਸਵੰਤ ਦੀਪ ਸਿੰਘ ਨੂੰ ਉਪ ਪ੍ਰਧਾਨ (ਡਿਜੀਟਲ ਮੀਡੀਆ) ਨਿਯੁਕਤ ਕੀਤਾ ਗਿਆ। ਆਰ.ਐਸ. ਬਾਵਾ ਨੂੰ ਮਾਲਵਾ ਜ਼ੋਨ



ਸਕੱਤਰ ਨਿਯੁਕਤ ਕੀਤਾ ਗਿਆ। ਨਵੀਂ ਬਣੀ ਕਾਰਜਕਾਰੀ ਕਮੇਟੀ ਦੇ ਸਾਰੇ ਅਹੁਦੇਦਾਰਾਂ ਨੇ ਬੂਥ ਪੱਧਰ ਤੋਂ ਜ਼ਿਲ੍ਹਾ ਪੱਧਰ ਤੱਕ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਮੈਂਬਰਸ਼ਿਪ ਮੁਹਿੰਮ ਨੂੰ ਵੱਡੇ ਪੱਧਰ ’ਤੇ ਸਫਲ ਬਣਾਉਣ ਦਾ ਵਾਅਦਾ ਕੀਤਾ। ਇਸ ਮੌਕੇ ਸੂਬਾ ਜਨਰਲ ਸਕੱਤਰ ਜਤਿੰਦਰ ਸਿੰਘ ਮਹਿਲ ਕਲਾਂ ਅਤੇ ਮਨੋਜ ਸ਼ਰਮਾ ਵੀ ਮੌਜੂਦ ਸਨ। ਇਸ ਮੌਕੇ ਜਨਤਾ ਦਲ (ਯੂਨਾਈਟਿਡ) ਪੰਜਾਬ ਦੇ ਪ੍ਰਧਾਨ ਮਾਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਲੁਧਿਆਣਾ ਜ਼ਿਲ੍ਹਾ ਕਾਰਜਕਾਰੀ ਕਮੇਟੀ ਦਾ ਗਠਨ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਇੱਕ ਮਜ਼ਬੂਤ, ਅਨੁਸ਼ਾਸਿਤ ਅਤੇ ਪ੍ਰਭਾਵਸ਼ਾਲੀ ਸੰਗਠਨ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ ਦੇ ਲੋਕਾਂ ਨੂੰ ਇੱਕ ਭਰੋਸੇਯੋਗ ਰਾਜਨੀਤਿਕ ਵਿਕਲਪ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਾਰਟੀ ਪੰਜਾਬ ਵਿੱਚ ਜੇਡੀਯੂ ਦੇ ਰਾਸ਼ਟਰੀ ਪ੍ਰਧਾਨ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਜੁੜੇ ਸੁਸ਼ਾਸਨ ਮਾਡਲ ਦੇ ਸਿਧਾਂਤਾਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰੇਗੀ, ਜੋ ਪਾਰਦਰਸ਼ੀ ਪ੍ਰਸ਼ਾਸਨ, ਜਵਾਬਦੇਹ ਸ਼ਾਸਨ, ਸਮਾਜਿਕ ਨਿਆਂ, ਬੁਨਿਆਦੀ ਢਾਂਚਾ ਵਿਕਾਸ, ਮਹਿਲਾ ਸਸ਼ਕਤੀਕਰਨ ਅਤੇ ਸਮਾਵੇਸ਼ੀ ਵਿਕਾਸ ’ਤੇ ਜ਼ੋਰ ਦੇਵੇਗੀ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਜਨਤਾ ਦਲ (ਯੂਨਾਈਟਿਡ) ਦੇ ਰਾਸ਼ਟਰੀ ਪ੍ਰਧਾਨ ਅਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਜਲਦੀ ਹੀ ਪੰਜਾਬ ਦਾ ਦੌਰਾ ਕਰਨਗੇ। ਇਸ ਦੌਰੇ ਦੌਰਾਨ ਉਹ ਪਾਰਟੀ ਵਰਕਰਾਂ ਵਿੱਚ ਨਵਾਂ ਉਤਸ਼ਾਹ ਪੈਦਾ ਕਰਨਗੇ, ਸਮਰਥਕਾਂ ਨਾਲ ਗੱਲਬਾਤ ਕਰਨਗੇ ਅਤੇ ਸੂਬੇ ਦੇ ਲੋਕਾਂ ਨਾਲ ਸਿੱਧੇ ਤੌਰ ’ਤੇ ਜੁੜ ਕੇ ਪਾਰਟੀ ਦੇ ਸੰਗਠਨਾਤਮਕ ਵਿਸਥਾਰ ਮੁਹਿੰਮ ਨੂੰ ਨਵੀਂ ਗਤੀ ਦੇਣਗੇ।




# ਜੰਨਤ-ਏ-ਜਰਖੜ ਵਿਖੇ ਲੱਗਾ ਤੀਆਂ ਦੇ ਤਿਉਹਾਰ ਦਾ ਨਿਵੇਕਲਾ ਮੇਲਾ

**ਲੁਧਿਆਣਾ/ਇੰਦਰਜੀਤ**

ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਵਿਰਾਸਤ ਨੂੰ ਦਰਸਾਉਂਦੇ ਮਿਊਜ਼ੀਅਮ ਜੰਨਤ ਏ ਜਰਖੜ ਲੁਧਿਆਣਾ ਵਿਖੇ ਸੌਣ ਮਹੀਨਾ ਚੜਨ ਤੋਂ ਪਹਿਲਾਂ ਹੀ ਤੀਆਂ ਦਾ ਤਿਉਹਾਰ ਬਹੁਤ ਹੀ ਸ਼ਾਨੋ ਸ਼ੌਕਤ ਨਾਲ ਮਨਾਇਆ ਗਿਆ। ਬਹੁਤ ਹੀ ਸੱਭਿਆਚਾਰ ਦੇ ਸੁਹਾਵਨੇ ਮਾਹੌਲ ਵਿੱਚ ਡਰੈਗਨ ਅਕੈਡਮੀ ਲੁਧਿਆਣਾ ਦੇ ਬੱਚਿਆਂ ਨੇ ਸ: ਦਿਲਬਾਗ ਸਿੰਘ ਦੀ ਅਗਵਾਈ ਹੇਠ ਆਪਣੇ ਗੀਤ ਸੰਗੀਤ, ਗਿੱਧਾ ,ਭੰਗੜਾ ਅਤੇ ਸੱਭਿਆਚਾਰ ਗੀਤਾਂ ਉੱਤੇ ਕੋਰਿਓਗਰਾਫੀ ਕਰਕੇ ਪੰਜਾਬ ਦੇ ਪੁਰਾਣੇ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ। ਇਥੇ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਵੀ ਗਿੱਧਾ ਪਾ ਕੇ ਤੀਆਂ ਦੇ ਤਿਉਹਾਰ ਦਾ ਲੁਤਫ ਲਿਆ। ਇਸ ਮੌਕੇ ਦਰਸ਼ਕਾਂ ਵਾਸਤੇ ਜਲੇਬੀਆਂ ਸੈਂਡਵਿਚ ਤੇ ਕੋਲਡਰਿੰਕ ਦਾ ਖੁੱਲਾ ਲੰਗਰ ਵੀ ਲਾਇਆ ਗਿਆ। ਇਸ ਮੌਕੇ 1982 ਏਸ਼ੀਅਨ ਖੇਡਾਂ ਦੇ ਜੇਤੂ ਹਾਕੀ ਗੋਲਡ ਮੈਡਲਿਸਟ ਅਤੇ ਸੇਵਾ ਮੁਕਤ ਪ੍ਰਿੰਸੀਪਲ ਸ੍ਰੀਮਤੀ ਸ਼ਰਨਜੀਤ ਕੌਰ ਨੇ ਨਵੀਂ ਪੀੜੀ ਨੂੰ ਤੀਆਂ ਦੇ ਤਿਉਹਾਰ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੀਆਂ ਪੰਜਾਬ ਦਾ ਇੱਕ ਪ੍ਰਸਿੱਧ ਸੱਭਿਆਚਾਰਕ ਤਿਉਹਾਰ ਹੈ, ਜੋ ਸਾਉਣ ਮਹੀਨੇ ਦੀ ਤੀਜ ਤੋਂ ਸ਼ੁਰੂ ਹੋ ਕੇ ਪੂਰਨਮਾਸ਼ੀ ਤੱਕ ਮਨਾਇਆ ਜਾਂਦਾ ਹੈ। ਇਸ ਇਤਿਹਾਸਕ ਤਿਉਹਾਰ ਵਿੱਚ ਮੁਟਿਆਰਾਂ ਪਿੱਪਲਾਂ-ਟਾਹਣੀਆਂ ’ਤੇ ਪੀਂਘਾਂ ਝੂਟਦੀਆਂ, ਗਿੱਧਾ ਪਾਉਂਦੀਆਂ,



ਲੋਕ-ਬੋਲੀਆਂ ਗਾਉਂਦੀਆਂ ਅਤੇ ਮਹਿੰਦੀ ਲਗਾਉਂਦੀਆਂ ਹਨ।ਇਹ ਤਿਉਹਾਰ ਮੁੱਖ ਤੌਰ ’ਤੇ ਵਿਆਹੀਆਂ-ਵਰ੍ਹੀਆਂ ਕੁੜੀਆਂ ਦੇ ਆਪਣੇ ਪੇਕੇ ਘਰ ਇਕੱਠੀਆਂ ਹੋਣ ਦਾ ਪ੍ਰਤੀਕ ਹੈ। ਪੁਰਾਣੇ ਸਮੇਂ ਵਿੱਚ, ਸੱਸ-ਨੂੰਹ ਦੇ ਰਿਸ਼ਤੇ ਵਿੱਚ ਸਾਉਣ ਮਹੀਨੇ ਇਕੱਠੇ ਰਹਿਣ ਨੂੰ ਚੰਗਾ ਨਹੀਂ ਮੰਨਿਆ ਜਾਂਦਾ ਸੀ, ਇਸ ਲਈ ਵਿਆਹੁਤਾ ਧੀਆਂ ਪੇਕੇ ਆ ਕੇ ਆਪਣੀਆਂ ਸਹੇਲੀਆਂ ਨੂੰ ਮਿਲਦੀਆਂ ਸਨ ਅਤੇ ਖੁਸ਼ੀਆਂ ਸਾਂਝੀਆਂ ਕਰਦੀਆਂ ਸਨ। ਇਸ ਸਮੇਂ ਦੌਰਾਨ ਖੀਰ, ਪੂੜੇ ਅਤੇ ਗੁਲਗੁਲੇ ਵਰਗੇ ਪਕਵਾਨ ਬਣਾਏ ਜਾਂਦੇ ਹਨ। ਸਮੇਂ ਦੇ ਬਦਲਾਅ ਨਾਲ ਹੁਣ ਇਸ ਨੂੰ ਸ਼ਹਿਰੀ ਅਤੇ ਵਿਦੇਸ਼ੀ ਪੱਧਰ ’ਤੇ ਵੀ ਸੱਭਿਆਚਾਰਕ ਮੇਲਿਆਂ ਵਜੋਂ ਆਯੋਜਿਤ ਕੀਤਾ ਜਾਂਦਾ ਹੈ। ਉਹਨਾਂ ਦੱਸਿਆ ਜੰਨਤ ਏ ਜਰਖੜ ਦਾ ਇਹ ਬਹੁਤ ਹੀ ਵਧੀਆ ਉਪਰਾਲਾ ਹੈ, ਕਿ ਉਹਨਾਂ ਨੇ ਇਸ ਪੱਧਰ ਤੇ ਤੀਆਂ ਦਾ ਤਿਓਹਾਰ ਮਨਾਇਆ ਹੈ ਇਸ ਮੌਕੇ ਉੱਘੇ ਪੰਜਾਬੀ ਫਿਲਮ ਕਲਾਕਾਰ ਪਾਲੀ ਮਾਂਗਟ ਜੋ ਵਿਸ਼ੇਸ ਮਹਿਮਾਨ ਵਜੋਂ ਪੁੱਜੇ ਦਾ ਵਿਲੱਖਣ ਸਨਮਾਨ ਕੀਤਾ ਗਿਆ। ਇਸ ਮੌਕੇ ਪਾਲੀ ਮਾਂਗਟ ਨੇ ਆਖਿਆ ਕਿ ਜੰਨਤ ਏ ਜਰਖੜ ਪੰਜਾਬ ਦੀ ਪੁਰਾਣੀ ਵਿਰਾਸਤ ਦੀ ਤਸਵੀਰ ਪੇਸ਼ ਕਰ ਰਹੀ ਹੈ। ਭਵਿੱਖ ਵਿੱਚ ਪੰਜਾਬੀ ਫਿਲਮਾਂ ਨੂੰ ਸ਼ੂਟ ਕਰਨ ਲਈ ਇਕ ਵਧੀਆ ਜਗ੍ਹਾ ਉਪਲਬਧ ਹੋਵੇਗੀ। ਇਸ ਮੌਕੇ ਸਟੇਜ ਦਾ ਸੰਚਾਲਨ ਉੱਘੇ ਕਲਾਕਾਰ ਗੁਰਦਾਸ ਸਿੰਘ ਕੈੜਾ ਨੇ ਬਾਖੂਬੀ ਨਿਭਾਇਆ। ਇਸ ਮੌਕੇ ਅਮਰੀਕ ਸਿੰਘ ਮਿਨਹਾਸ ਏਆਈਜੀ ਪੰਜਾਬ ਪੁਲਿਸ , ਸਾਬਕਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਬੀਰਮਪੁਰ , ਜੰਨਤ ਏ ਜਰਖੜ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਅਜੀਤ ਸਿੰਘ ਲਾਦੀਆਂ ਕੁਲਦੀਪ ਸਿੰਘ ਘਵੱਦੀ , ਦਲਵੀਰ ਸਿੰਘ ਜਰਖੜ, ਦਿਲਬਾਗ ਸਿੰਘ ਐਮਡੀ ਡਰੈਗਨ ਅਕੈਡਮੀ ,ਕੁਲਦੀਪ ਸਿੰਘ ਦੁੱਗਲ , ਹਰਬੰਸ ਸਿੰਘ ਤੂਰ ,ਹਰਮੀਤ ਸਿੰਘ ਖਾਲਸਾ, ਮੁਹੰਮਦ ਹਰਨੂਨ ਮਾਲੇਰਕੋਟਲਾ ਤੋਂ ਇਲਾਵਾ ਬੀਬੀ ਇੰਦਰਜੀਤ ਕੌਰ ਧਾਂਦਰਾ, ਰਵਿੰਦਰ ਕੌਰ ਧਾਲੀਵਾਲ, ਡਾਕਟਰ ਰੇਖਾ ਕੁਮਾਰੀ ਲੁਧਿਆਣਾ, ਰਮਨਪ੍ਰੀਤ ਕੌਰ ਲੁਧਿਆਣਾ, ਪਰਮਜੀਤ ਕੌਰ ਜਰਖੜ, ਗੁਰਸਿਮਰਤ ਕੌਰ, ਹਰਮਨਪ੍ਰੀਤ ਕੌਰ ਜਰਖੜ, ਅਮਰਜੀਤ ਕੌਰ ਲਾਦੀਆਂ ਆਦ ਹੋਰ ਪ੍ਰਬੰਧਕ ਮਹਿਮਾਨ ਅਤੇ ਬੀਬੀਆਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਜਗਰੂਪ ਸਿੰਘ ਜਰਖੜ ਨੇ ਦੱਸਿਆ ਕਿ ਸੌਣ ਦੇ ਮਹੀਨੇ ਵੱਡੇ ਪੱਧਰ ਤੇ ਜੰਨਤ ਏ ਜਰਖੜ ਵਿਖੇ ਤੀਆਂ ਦੇ ਤਿਉਹਾਰ ਮਨਾਏ ਜਾਣਗੇ ਤਾਂ ਜੋ ਸਾਡੀਆਂ ਬੱਚੀਆਂ ,ਧੀਆਂ ਭੈਣਾਂ ਨੂੰ ਸਾਡੇ ਵਿਰਾਸਤੀ ਤੀਆਂ ਦੇ ਤਿਉਹਾਰ ਦੀ ਅਹਿਮੀਅਤ ਅਤੇ ਮਹੱਤਤਾ ਬਾਰੇ ਜਾਣਕਾਰੀ ਮਿਲ ਸਕੇ ਅਤੇ ਬੱਚੇ ਪੰਜਾਬੀ ਸੱਭਿਆਚਾਰ ਨਾਲ ਜੁੜ ਸਕਣ। ਇਸ ਵਾਸਤੇ ਮਿਊਜ਼ੀਅਮ ਦੀ ਨੋਰਮਲ ਬੁਕਿੰਗ ਹੋਵੇਗੀ। ਇਸ ਮੌਕੇ ਅਮਰੀਕ ਸਿੰਘ ਮਿਨਹਾਸ ਏ ਆਈ ਜੀ ਅਤੇ ਹਰਦੀਪ ਸਿੰਘ ਬੀਰਮਪੁਰ ਆਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਣਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly